ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ

ਪਾਲਿਕਾ ਸਮਾਚਾਰ

ਨਵੀਂ ਦਿੱਲੀ
ਪਾਲਿਕਾ ਸਮਾਚਾਰ
(ਦੋ ਮਾਸਿਕ)
ਸਾਲ 37 ਅੰਕ 1-2
ਜਨਵਰੀ-ਫ਼ਰਵਰੀ 2014

ਸੰਪਾਦਕੀ ਮੰਡਲ

ਸਰਪ੍ਰਸਤ
ਜਲਜ ਸ੍ਰੀਵਾਸਤਵ
ਪ੍ਰਧਾਨ

ਮੁੱਖ ਸੰਪਾਦਕ
ਵਿਕਾਸ ਆਨੰਦ

ਉਪ ਮੁੱਖ ਸੰਪਾਦਕ
ਏ. ਕੇ. ਮਿਸ਼ਰਾ

ਪ੍ਰਕਾਸ਼ਕ ਸੰਪਾਦਕ
ਅਨੀਤਾ ਜੋਸ਼ੀ

ਕਾਰਜਕਾਰੀ ਸੰਪਾਦਕ
ਰਵਿੰਦਰ ਨੰਦਾ

ਸਹਾਇਕ ਸੰਪਾਦਕ
ਰੀਮਾ ਕਾਮਰਾ

ਸਹਿਯੋਗ
ਸੁਮਨ ਕੁਮਾਰ

ਮੁੱਲ

ਇਕ ਕਾਪੀ : ₹ 20/– ਰੁ:
ਸਾਲਾਨਾ : ₹ 100/– ਰੁ:
ਪੰਜ ਸਾਲਾਂ ਲਈ : ₹ 400/– ਰੁ:



# ਸੰਪਾਦਕੀ

ਸਭ ਤੋਂ ਪਹਿਲਾਂ ਮੈਂ ਆਪ ਜੀ ਦਾ ਨਵੇਂ ਸਾਲ 2014 ਵਿੱਚ ਅਭਿਨੰਦਨ ਕਰਦੇ ਹੋਏ ਆਪ ਜੀ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੰਦਾ ਹਾਂ। ਨਵੇਂ ਸਾਲ ਦੇ ਆਉਣ ਨਾਲ ਹੀ ਸਰਦ ਵਾਤਾਵਰਣ ਨਵੇਂ ਸਾਲ ਦੀਆਂ ਖ਼ੁਸ਼ੀਆਂ ਦੀ ਗਰਮਾਹਟ ਨਾਲ ਭਰ ਜਾਂਦਾ ਹੈ। ਨਵਾਂ ਸਾਲ ਜਿੱਥੇ ਸਾਨੂੰ ਆਤਮ-ਮੰਥਨ ਕਰਨ ਦੇ ਲਈ ਪ੍ਰੇਰਿਤ ਕਰਦਾ ਹੈ ਉੱਥੇ ਸਾਨੂੰ ਇਹ ਸੋਚਣ ਲਈ ਵੀ ਮਜਬੂਰ ਕਰਦਾ ਹੈ ਕਿ ਲੰਘੇ ਵਰ੍ਹੇ ਅਸੀਂ ਆਪਣੇ ਪਰਿਵਾਰ, ਸਮਾਜ ਅਤੇ ਦੇਸ਼ ਦੇ ਪ੍ਰਤੀ ਫ਼ਰਜ਼ਾਂ ਦਾ ਪਾਲਣ ਕਰਨ ਵਿੱਚ ਕਿੰਨੇ ਕਾਮਯਾਬ ਰਹੇ ਹਾਂ। ਨਵੇਂ ਸਾਲ ਵਿੱਚ ਅਸੀਂ ਨਿਰਧਾਰਿਤ ਉਦੇਸ਼ਾਂ ਅਤੇ ਸੰਕਲਪਾਂ ਨੂੰ ਪ੍ਰਾਪਤ ਕਰਨ ਵਿੱਚ ਦ੍ਰਿੜ੍ਹ ਫ਼ੈਸਲੇ ਦੇ ਨਾਲ ਅੱਗੇ ਵਧਣਾ ਹੈ ਇਹੀ ਵਿਸ਼ਵਾਸ ਦੇ ਭਰੋਸੇ 'ਤੇ ਹੀ ਹਰੇਕ ਭਾਰਤਵਾਸੀ ਨੂੰ ਵਿਕਾਸ ਅਤੇ ਤਰੱਕੀ ਦੀ ਰਾਹ ਮਿਲੇਗੀ।

ਸਾਰੇ ਸੰਸਾਰ ਵਿੱਚ ਗਣਤੰਤਰ ਪ੍ਰਣਾਲੀ ਹੀ ਸਭ ਤੋਂ ਵਧੀਆ ਹੈ ਕਿਉਂਕਿ ਇਸ ਵਿੱਚ ਦੇਸ਼ ਦੀ ਜਨਤਾ ਦੀ ਭਾਗੀਦਾਰੀ ਹੁੰਦੀ ਹੈ। ਸਾਨੂੰ ਆਜ਼ਾਦੀ ਦੇ ਉਨ੍ਹਾਂ ਸ਼ਹੀਦਾਂ ਦੇ ਬਲੀਦਾਨ ਨੂੰ ਨਹੀਂ ਭੁੱਲਣਾ ਚਾਹੀਦਾ ਜਿਨ੍ਹਾਂ ਦੀਆਂ ਕੁਰਬਾਨੀਆਂ ਦੇ ਕਾਰਨ ਅੱਜ ਸਾਡਾ ਦੇਸ਼ ਆਜ਼ਾਦ ਹੈ। ਸਾਨੂੰ ਦੇਸ਼ ਦੀ ਰੱਖਿਆ, ਇਸ ਦੇ ਗੌਰਵ ਅਤੇ ਤਰੱਕੀ ਦੇ ਲਈ ਸਦਾ ਸਮਰਪਿਤ ਰਹਿਣ ਦੀ ਸੌਂਹ ਲੈਣੀ ਚਾਹੀਦੀ ਹੈ। ਹਰੇਕ ਵਸਨੀਕ ਦਾ ਫ਼ਰਜ਼ ਹੈ ਕਿ ਪੂਰੀ ਨਿਸ਼ਠਾ, ਕੜੀ ਮਿਹਨਤ ਅਤੇ ਆਪਸੀ ਸਹਿਯੋਗ ਨਾਲ ਰਾਸ਼ਟਰ ਦੇ ਵਿਕਾਸ ਅਤੇ ਤਰੱਕੀ ਵਿੱਚ ਆਪਣਾ ਭਰਪੂਰ ਯੋਗਦਾਨ ਦੇਵੇ। ਗਣਤੰਤਰ ਦਿਵਸ ਰਾਸ਼ਟਰ ਨੂੰ ਇਕ ਸੂਤਰ ਵਿੱਚ ਪਰੋਣ ਦੇ ਨਾਲ-ਨਾਲ ਵਸਨੀਕਾਂ ਵਿੱਚ ਰਾਸ਼ਟਰੀ ਚੇਤਨਾ ਦਾ ਵੀ ਸੰਚਾਰ ਕਰਦਾ ਹੈ।

ਕੁਦਰਤ ਆਪਣਾ ਰੂਪ ਸਮੇਂ-ਸਮੇਂ ਤੇ ਰੁੱਤ ਪਰਿਵਰਤਨ ਨਾਲ ਬਦਲਦੀ ਰਹਿੰਦੀ ਹੈ। ਰੁੱਤਰਾਜ ਬਸੰਤ ਇਨ੍ਹਾ ਰੁੱਤਾਂ ਵਿੱਚੋਂ ਇਕ ਹੈ ਜੋ ਠੰਡ ਤੋਂ ਬਾਅਦ ਵਾਤਾਵਰਣ ਵਿੱਚ ਸੁੰਦਰਤਾ ਅਤੇ ਮੋਹਕਤਾ ਦਾ ਸੰਚਾਰ ਕਰਦਾ ਹੈ। ਅੱਜ ਮਨੁੱਖ ਕੁਦਰਤ ਦੇ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਭੁੱਲ ਗਿਆ ਹੈ ਜਿਸ ਦੇ ਨਤੀਜੇ ਵਜੋਂ ਮਨੁੱਖ ਨੂੰ ਅਨੇਕਾਂ ਕੁਦਰਤੀ ਸੰਕਟਾਂ ਨੂੰ ਝੇਲਣਾ ਪੈ ਰਿਹਾ ਹੈ। ਮਨੁੱਖ ਜੀਵਨ ਨੂੰ ਖ਼ੁਸ਼ਹਾਲ ਬਣਾਉਣ ਦੇ ਲਈ ਕੁਦਰਤ ਨਾਲ ਲਗਾਤਾਰ ਤਾਲਮੇਲ ਅੱਜ ਦੀ ਸਭ ਤੋਂ ਵੱਡੀ ਜ਼ਰੂਰਤ ਹੈ ਤਾਂਕਿ ਭਾਵੀ ਪੀੜ੍ਹੀ ਨੂੰ ਇਸ ਦੇ ਮਾੜੇ ਨਤੀਜਿਆਂ ਤੋਂ ਬਚਾਇਆ ਜਾ ਸਕੇ।

**ਮੁੱਖ ਸੰਪਾਦਕ**

## ਇਸ ਅੰਕ ਵਿੱਚ


| | | |
|---|---|---|
| ਪਰਿਚੈ ਦੀ ਇਕ ਝਲਕ | 3 | ਸ੍ਰੀ ਜਲਜ ਸ੍ਰੀਵਾਸਤਵ, ਆਈ.ਏ.ਐੱਸ. |
| ਲੋਹੜੀ ਦੀ ਪਰੰਪਰਾ ਤੇ ਇਤਿਹਾਸ *(ਲੇਖ)* | 4 | ਡਾ. ਮਨਮੋਹਨ ਸਿੰਘ |
| ਦੋ ਕਵਿਤਾਵਾਂ/**ਸ਼ਾਲਾ ! ਵਸਲ ਦਾ ਚੜ੍ਹੇ ਜੇ ਤਾਰਾ** ਤੇ **ਜ਼ਿੰਦਗਾਨੀ ਦੀਆਂ ਮਸਤ ਬਹਾਰਾਂ** | 7 | ਹਰਿਭਜਨ ਸਿੱਧੂ ਮਾਨਸਾ |
| **ਦੋ ਗ਼ਜ਼ਲਾਂ** | 8 | ਸਵਰਨ ਰਾਹੀ |
| **ਕੌਣ ਵੰਡਾਵੇ ਪੀਰ** *(ਕਹਾਣੀ)* | 9 | ਸੁਰਿੰਦਰ ਕੌਰ ਛਾਬੜਾ |
| **ਦੋ ਗ਼ਜ਼ਲਾਂ** | 12 | ਤਰਲੋਕ ਸਿੰਘ 'ਦੀਵਾਨਾ' |
| **ਦੋ ਗ਼ਜ਼ਲਾਂ** | 13 | ਡਾ. ਦੇਵਿੰਦਰ ਬੀਬੀਪੁਰੀਆ 'ਮਹਿਰਮ' |
| **ਮਾਤਾ ਜੀ ਕਿੰਨੇ ਚੰਗੇ ਸਨ** *(ਕਹਾਣੀ)* | 14 | ਸੁਖਦੇਵ ਸਿੰਘ ਸ਼ਾਂਤ |
| **ਤਿੰਨ ਰੁਪਏ** *(ਬਾਲ ਕਹਾਣੀ)* | 16 | ਤਰਸੇਮ |
| **ਦੋ ਕਵਿਤਾਵਾਂ : ਪੰਜਾਬ ਦੇ ਮਜ਼ੂਰ** ਤੇ **ਪੰਜਾਬ ਦੇ ਦਰਿਆ** | 17 | ਪੂਰਨ ਸਿੰਘ |
| **ਇਮਰੋਜ਼ ਬਾਰੇ** *(ਕਵਿਤਾ)* | 18 | ਇਮਰੋਜ਼ |
| **ਬਸੰਤ ਬੋਲੀ** *(ਬਾਲ ਕਹਾਣੀ)* | 19 | ਹਰਿੰਦਰ ਸਿੰਘ ਗੋਗਨਾ |
| **ਬਾਲ ਕਾਵਿ-ਕਹਾਣੀ : ਇਕ ਸੀ ਤੋਤਾ ਗੰਗਾਰਾਮ** | 20 | ਦੇਵ ਤਲਵੰਡੀ |
| **ਦੋ ਬਾਲ ਕਵਿਤਾਵਾਂ : ਸਾਗ** ਤੇ **ਸਰਦੀ ਦੀ ਰੁੱਤ** | 21 | ਪ੍ਰੋ. ਸੁਲੱਖਣ ਮੀਤ |
| **ਅਨਮੋਲ ਮੋਤੀ** *(ਪੁਸਤਕ ਰੀਵੀਊ)* | 22 | ਡਾ. ਜਗੀਰ ਸਿੰਘ ਨੂਰ |
| **ਪਰੀਸ਼ਦ ਗਤੀਵਿਧੀਆਂ** | 23 | ------- |



ਇਸ ਅੰਕ ਵਿੱਚ ਛਪੇ ਵਿਚਾਰਾਂ ਨਾਲ ਸੰਪਾਦਕੀ ਮੰਡਲ, ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਰਚਨਾਵਾਂ ਵਿੱਚ ਸੋਧ, ਕਾਂਟ-ਛਾਂਟ ਆਦਿਕ ਕਰਨ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਤਰ੍ਹਾਂ ਦੇ ਵਿਵਾਦ ਦਾ ਜੁਡੀਸ਼ਲ ਖੇਤਰ ਨਵੀਂ ਦਿੱਲੀ ਹੋਵੇਗਾ।



ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਲਈ ਅਨੀਤਾ ਜੋਸ਼ੀ ਦੁਆਰਾ ਪ੍ਰਕਾਸ਼ਿਤ ਅਤੇ ਨੂਤਨ ਪ੍ਰਿੰਟਰਜ਼, ਐਫ-89/12, ਓਖਲਾ ਇੰਡਸਟ੍ਰੀਅਲ ਏਰੀਆ ਫੇਜ਼-I, ਨਵੀਂ ਦਿੱਲੀ- 110020 ਤੋਂ ਛਪੀ। (ਫ਼ੋਨ : 26817055)

ਸੰਪਰਕ ਸੂਤਰ : ਸੰਪਾਦਕ, ਪਾਲਿਕਾ ਸਮਾਚਾਰ (ਦੋ ਮਾਸਿਕ), ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ, ਪਾਲਿਕਾ ਕੇਂਦਰ, ਸੰਸਦ ਮਾਰਗ, ਨਵੀਂ ਦਿੱਲੀ-110001

ਫ਼ੋਨ : 41501354-70/3209 ਵੈੱਬਸਾਈਟ : www.ndmc.gov.in



# ਪਰਿਚੈ ਦੀ ਇਕ ਝਲਕ

## ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਵਰਤਮਾਨ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ, ਆਈ.ਏ.ਐੱਸ.

ਰਾਜਧਾਨੀ ਦੇ ਅਤੀ ਮਹੱਤਵਪੂਰਣ ਖੇਤਰ ਨੂੰ ਬਿਜਲੀ, ਪਾਣੀ, ਸਿੱਖਿਆ, ਸੜਕ, ਸਿਹਤ, ਸਫ਼ਾਈ ਅੰਤਰਰਾਸ਼ਟਰੀ ਪੱਧਰ ਦਾ ਮਿੱਤਰਤਾਪੂਰਣ ਅਤੇ ਵਾਤਾਵਰਣ ਪ੍ਰਦਾਨ ਕਰਨ ਵਾਲੀ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਮਹੱਤਵਪੂਰਣ ਪ੍ਰਸ਼ਾਸਨਿਕ ਪ੍ਰਧਾਨ ਦੇ ਅਹੁਦੇ ਨੂੰ ਵਰਤਮਾਨ ਵਿੱਚ ਸ੍ਰੀ ਜਲਜ ਸ੍ਰੀਵਾਸਤਵ ਸੰਭਾਲੇ ਹੋਏ ਹਨ।

ਭਾਰਤੀ ਸੱਭਿਆਚਾਰ ਨਾਲ ਭਰਪੂਰ ਪਰਿਵਾਰ ਵਿੱਚ 8 ਫਰਵਰੀ, 1961 ਨੂੰ ਸ੍ਰੀ ਜਲਜ ਸ੍ਰੀਵਾਸਤਵ ਦਾ ਜਨਮ ਹੋਇਆ। ਸ੍ਰੀ ਸ੍ਰੀਵਾਸਤਵ ਨੇ ਦਿੱਲੀ ਯੂਨੀਵਰਸਿਟੀ ਦੇ ਸੇਂਟ ਸਟੀਫੈਂਸ ਕਾਲਜ ਤੋਂ ਭੌਤਿਕੀ ਵਿੱਚ 20 ਵਰ੍ਹੇ ਦੀ ਉਮਰ ਵਿੱਚ ਹੀ 1981 ਵਿੱਚ ਐੱਮ.ਏ. ਪਾਸ ਕੀਤੀ। ਉਨ੍ਹਾਂ ਨੇ ਐੱਮ.ਬੀ.ਏ. ਦੀ ਡਿਗਰੀ ਵੀ ਆਈ.ਆਈ.ਐੱਫ.ਟੀ. ਤੋਂ 2005-08 ਵਿੱਚ ਆਪਣੇ ਕਾਰਜਭਾਰ ਸੰਭਾਲਦੇ ਹੋਏ ਪ੍ਰਾਪਤ ਕੀਤੀ। ਪਹਿਲੀ ਵਾਰੀ 1983 ਬੈਚ ਵਿੱਚ ਆਈ.ਪੀ.ਐੱਸ. ਪ੍ਰੀਖਿਆ ਵਿੱਚ ਸਫ਼ਲ ਹੋਏ ਅਤੇ ਟਰੇਨਿੰਗ ਪ੍ਰਾਪਤ ਕੀਤੀ। ਅਗਲੇ ਸਾਲ ਉਨ੍ਹਾਂ ਨੇ ਆਈ.ਏ.ਐੱਸ. ਪ੍ਰੀਖਿਆ ਪਾਸ ਕੀਤੀ। ਬਹੁਮੁਖੀ ਪ੍ਰਤਿਭਾ ਦੇ ਧਨੀ ਸ੍ਰੀ ਸ੍ਰੀਵਾਸਤਵ ਭੌਤਿਕੀ ਵਿਸ਼ੇ ਦੇ ਗਿਆਤਾ ਹੋਣ ਦੇ ਕਾਰਨ ਦਿੱਲੀ ਯੂਨੀਵਰਸਿਟੀ ਵਿੱਚ ਆਪਣੇ ਕਾਲਜ ਵਿੱਚ ਹੀ ਭੌਤਿਕੀ ਦੇ ਪ੍ਰਵਕਤਾ ਵੀ ਰਹੇ। ਸ੍ਰੀ ਸ੍ਰੀਵਾਤਸਵ 1985 ਵਿੱਚ ਅਸਮ ਵਿੱਚ ਟ੍ਰੇਨਿੰਗ ਦੇ ਦੌਰਾਨ ਇਤਿਹਾਸਕ 'Assam Accord' ਨਾਲ ਸੰਬੰਧਿਤ ਰਹੇ।

ਇਸ ਤੋਂ ਬਾਅਦ, ਸ੍ਰੀ ਸ੍ਰੀਵਾਸਤਵ 1986-91 ਵਿੱਚ ਅਰੁਣਾਂਚਲ ਪ੍ਰਦੇਸ਼ ਵਿੱਚ ਡਿਪਟੀ ਕਮਿਸ਼ਨਰ ਰਹੇ। 1994 ਵਿੱਚ ਗ੍ਰਹਿ ਮੰਤਰਾਲੇ ਵਿੱਚ ਨਿਦੇਸ਼ਕ, 2007 ਵਿੱਚ ਭਾਰਤੀ ਖਾਦਯ ਨਿਗਮ ਵਿੱਚ ਕਾਰਜਕਾਰੀ ਨਿਦੇਸ਼ਕ ਅਤੇ 2003-07 ਤੱਕ ਦਿੱਲੀ ਸਰਕਾਰ ਦੇ ਡੀ.ਐੱਸ.ਆਈ.ਡੀ.ਸੀ. ਵਿੱਚ ਪ੍ਰਬੰਧ ਨਿਦੇਸ਼ਕ ਵਰਗੇ ਅਤੀ ਮਹੱਤਵਪੂਰਣ ਅਹੁਦਿਆਂ 'ਤੇ ਰਹੇ। ਸ੍ਰੀ ਸ੍ਰੀਵਾਸਤਵ ਰਾਜਭਾਸ਼ਾ ਹਿੰਦੀ ਦੇ ਦਿਲ ਤੋਂ ਸਮਰਥਕ ਹਨ। ਪਰੀਸ਼ਦ ਦੇ ਸਫ਼ਲ ਹਿੰਦੀ ਜੇਤੂਆਂ ਨੂੰ ਇਨਾਮ ਪ੍ਰਦਾਨ ਕਰਨ ਦੇ ਮੌਕੇ ਤੇ ਸ੍ਰੀ ਸ੍ਰੀਵਾਸਤਵ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ "ਸਾਨੂੰ ਹਿੰਦੀ ਦਾ ਕੇਵਲ ਸਨਮਾਨ ਹੀ ਨਹੀਂ ਕਰਨਾ ਚਾਹੀਦਾ, ਬਲਕਿ ਆਪਣੇ ਸਰਕਾਰੀ ਕੰਮਕਾਜ ਵਿੱਚ ਵੀ ਰਾਜਭਾਸ਼ਾ ਹਿੰਦੀ ਦਾ ਜ਼ਿਆਦਾਤਰ ਪ੍ਰਯੋਗ ਕਰਨਾ ਚਾਹੀਦਾ ਹੈ ਇਹੀ ਹਿੰਦੀ ਦਾ ਵਾਜਬ ਸਨਮਾਨ ਹੋਵੇਗਾ।

ਦਿੱਲੀ ਸ਼ਹਿਰ ਵਿੱਚ ਰਹਿਣ ਵਾਲੇ ਰਾਜਨੇਤਾ, ਅਤੀ ਵਿਸ਼ਿਸ਼ਟ ਲੋਕਾਂ ਅਤੇ ਸਾਰੇ ਵਸਨੀਕਾਂ ਨੂੰ ਉੱਚ ਕੋਟੀ ਦੀਆਂ ਨਾਗਰਿਕ ਸਹੂਲਤਾਂ, ਮਨਭਾਉਂਦੀ ਦ੍ਰਿਸ਼ਾਵਲੀ ਵਾਲੇ ਪਾਰਕ ਅਤੇ ਸੁੰਦਰ ਸੜਕਾਂ ਅਤੇ ਹੋਰ ਸਹੂਲਤਾਂ ਵਿੱਚ ਜ਼ਿਆਦਾ ਤੋਂ ਜ਼ਿਆਦਾ ਸੁਧਾਰ ਲਈ ਸ੍ਰੀ ਸ੍ਰੀਵਾਸਤਵ ਕ੍ਰਿਤ-ਸੰਕਲਪ ਹਨ।

ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਅਤੇ ਖੇਤਰ ਦੇ ਵਸਨੀਕਾਂ ਨੂੰ ਆਪ ਜੀ ਤੋਂ ਬਹੁਤ ਉਮੀਦਾਂ ਹਨ। ਖ਼ੁਸ਼ਦਿਲ, ਵਿਨੋਦੀ ਸੁਭਾਅ ਦੇ ਧਨੀ ਸ੍ਰੀ ਸ੍ਰੀਵਾਸਤਵ ਇਮਾਨਦਾਰੀ ਨਾਲ ਆਪਣੇ ਕੰਮ ਨੂੰ ਪੂਰਾ ਕਰਨ ਨੂੰ ਵਿਸ਼ੇਸ਼ ਮਹੱਤਵ ਦਿੰਦੇ ਹਨ।

**ਲੇਖ**

# ਲੋਹੜੀ ਦੀ ਪਰੰਪਰਾ ਤੇ ਇਤਿਹਾਸ

**ਡਾ. ਮਨਮੋਹਨ ਸਿੰਘ**

ਕਿਹਾ ਜਾਂਦਾ ਹੈ ਕਿ ਵੈਦਿਕ ਕਾਲ ਵਿੱਚ ਕੋਈ ਰਾਖਸ਼ ਲੋਕਾਂ ਨੂੰ ਬਹੁਤ ਤੰਗ ਕਰਦਾ ਹੁੰਦਾ ਸੀ। ਜਿਸ ਕਰਕੇ ਸਾਰੇ ਲੋਕ ਉਸ ਤੋਂ ਬਹੁਤ ਦੁਖੀ ਸਨ। ਉਸ ਵਕਤ ਇਕ 'ਲੋਹਨੀ' ਨਾਂ ਦੀ ਦੇਵੀ ਪ੍ਰਗਟ ਹੋਈ, ਜਿਸ ਨੇ ਉਸ ਰਾਖਸ਼ ਨੂੰ ਫੜ ਕੇ ਅੱਗ ਵਿੱਚ ਜਲਾ ਦਿੱਤਾ ਸੀ। ਉਸ ਰਾਖਸ਼ ਤੋਂ ਛੁਟਕਾਰਾ ਮਿਲ ਜਾਣ ਦੀ ਖ਼ੁਸ਼ੀ ਵਿੱਚ ਲੋਕ ਅੱਗ ਜਲਾ ਕੇ ਖ਼ੁਸ਼ੀਆਂ ਮਨਾਉਂਦੇ ਹਨ।

ਲੋਹੜੀ ਦਾ ਤਿਉਹਾਰ ਇਕ ਮੁਗ਼ਲ ਕਾਲ ਦੀ ਘਟਨਾ ਨਾਲ ਵੀ ਜੋੜਿਆ ਜਾਂਦਾ ਹੈ। ਕਹਿੰਦੇ ਹਨ ਕਿ ਇਕ ਗ਼ਰੀਬ ਬ੍ਰਾਹਮਣ ਦੇ ਘਰ ਦੋ ਲੜਕੀਆਂ, ਸੁੰਦਰੀ ਅਤੇ ਮੁੰਦਰੀ ਸਨ। ਜਿਉਂ ਹੀ ਉਹ ਜਵਾਨ ਹੋਈਆਂ ਉਹਨਾਂ ਦੀ ਖ਼ੂਬਸੂਰਤੀ ਦੀ ਚਰਚਾ ਆਲੇ-ਦੁਆਲੇ ਹੋਣ ਲੱਗ ਪਈ। ਜਿਸ ਕਰਕੇ ਉਨ੍ਹਾਂ ਦੇ ਬਾਪ ਨੇ ਦੋਵੇਂ ਕੁੜੀਆਂ ਦੇ ਰਿਸ਼ਤੇ ਦੂਰ-ਪਾਰ ਦੇ ਇਲਾਕੇ ਵਿੱਚ, ਆਪਣੀ ਬਰਾਦਰੀ ਵਿੱਚ ਕਰ ਦਿੱਤੇ। ਉਸ ਇਲਾਕੇ ਦਾ ਮੁਗ਼ਲ ਹਾਕਮ ਔਰਤਾਂ ਦਾ ਬਹੁਤ ਸ਼ੌਕੀਨ ਸੀ, ਉਸ ਨੂੰ ਜਦੋਂ ਵੀ ਕਿਸੇ ਸੋਹਣੀ ਲੜਕੀ ਜਾਂ ਔਰਤ ਦੀ ਭਿਣਕ ਪੈਂਦੀ ਸੀ ਤਾਂ ਉਹ ਆਪਣੇ ਬਾਹੂਬਲ ਨਾਲ, ਉਸ ਲੜਕੀ ਜਾਂ ਔਰਤ ਨੂੰ ਆਪਣੇ ਹਰਮ ਵਿੱਚ ਲਿਆ ਕੇ ਉਸ ਦੀ ਇੱਜ਼ਤ ਲੁੱਟ ਲੈਂਦਾ ਸੀ। ਸੁੰਦਰੀ ਅਤੇ ਮੁੰਦਰੀ ਦੇ ਬਾਪ ਨੂੰ ਜਵਾਨ ਹੋਈਆਂ ਲੜਕੀਆਂ ਦੀ ਖ਼ੂਬਸੂਰਤੀ ਦਾ ਭੈਅ ਵੱਢ-ਵੱਢ ਖਾਣ ਲੱਗ ਪਿਆ। ਉਹ ਵਿਚਾਰਾ ਜਿਸ ਘਰ ਆਪਣੀਆਂ ਲੜਕੀਆਂ ਦੇ ਰਿਸ਼ਤੇ ਕੀਤੇ ਹੋਏ ਸਨ, ਉਨ੍ਹਾਂ ਦੇ ਘਰ ਜਾ ਕੇ, ਲੜਕਿਆਂ ਦੇ ਬਾਪ ਦੇ, ਆਪਣੀਆਂ ਕੁੜੀਆਂ ਨੂੰ ਵਿਆਹ ਤੋਂ ਪਹਿਲਾਂ ਹੀ ਆਪਣੇ ਘਰ ਲਿਆਉਣ ਲਈ ਤਰਲੇ ਕੱਢਣ ਲੱਗਾ, ਪਰ ਲੜਕਿਆਂ ਦਾ ਬਾਪ ਵੀ ਮੁਗ਼ਲ ਹਾਕਮ ਤੋਂ ਡਰਦਾ ਸੀ, ਜਿਸ ਕਰਕੇ ਉਹ ਲੜਕੀਆਂ ਦੇ ਡੋਲੇ ਲੈਣ ਤੋਂ ਉੱਕਾ ਹੀ ਜਵਾਬ ਦੇ ਗਿਆ। ਲੜਕੀਆਂ ਦਾ ਬਾਪ, ਫ਼ਿਕਰ ਵਿੱਚ ਡੁੱਬਿਆ ਆਪਣੇ ਘਰ ਨੂੰ ਵਾਪਸ ਆ ਰਿਹਾ ਸੀ, ਤਾਂ ਅਚਾਨਕ ਜੰਗਲ ਵਿਚਕਾਰ, ਉਸ ਨੂੰ ਸਾਂਦਲ ਬਾਰ ਦਾ ਜੰਮਪਲ ਦੁੱਲਾ ਭੱਟੀ ਮਿਲ ਗਿਆ। ਦੁੱਲਾ ਭੱਟੀ ਮੁਗ਼ਲ ਸਰਕਾਰ ਤੋਂ ਬਾਗ਼ੀ ਹੋ ਕੇ ਜੰਗਲਾਂ ਵਿੱਚ ਰਹਿ ਕੇ



ਅਮੀਰਾਂ ਅਤੇ ਟੁਕੜਬੋਚਾਂ ਨੂੰ ਲੁੱਟਦਾ ਸੀ, ਪਰ ਗ਼ਰੀਬ-ਗੁਰਬਿਆਂ ਦੀ ਰੱਖਿਆ ਕਰਦਾ ਸੀ। ਇਸ ਲਈ ਦੁੱਲਾ ਭੱਟੀ ਗ਼ਰੀਬ ਬ੍ਰਾਹਮਣ ਦੀ ਦਾਸਤਾਨ ਸੁਣ ਕੇ ਪਸੀਜ ਗਿਆ। ਉਹ ਜਦੋਂ ਲੜਕੇ ਵਾਲਿਆਂ ਦੇ ਘਰ ਗਿਆ ਅਤੇ ਲੜਕਿਆਂ ਦੇ ਬਾਪ ਨੂੰ ਸੁੰਦਰੀ ਮੁੰਦਰੀ ਦੇ ਡੋਲੇ ਲੈ ਜਾਣ ਲਈ ਮਨਾ ਲਿਆ। ਲੜਕੀਆਂ ਦੇ ਫੇਰਿਆਂ ਦੀ ਰਸਮ ਦੁੱਲੇ ਨੇ ਜੰਗਲ ਦੇ ਵਿੱਚ ਹੀ ਅੱਗ ਜਲਾ ਕੇ ਕੀਤੀ, ਆਪ ਧਰਮ ਦਾ ਬਾਪ ਬਣ ਕੇ ਉਸ ਨੇ ਕੰਨਿਆਦਾਨ ਕੀਤਾ। ਕੁੜੀਆਂ ਦਾ ਬਾਪ ਇਤਨਾ ਗ਼ਰੀਬ ਸੀ ਕਿ ਉਹ ਵਿਚਾਰਾ ਕੁੜੀਆਂ ਨੂੰ ਕੁਝ ਵੀ ਨਹੀਂ ਸੀ ਦੇ ਸਕਦਾ। ਵਿਚਾਰੀਆਂ ਕੁੜੀਆਂ ਦੇ ਸਿਰ ਦੇ ਸਾਲੂ ਵੀ ਫਟੇ ਹੋਏ ਸਨ। ਪਰ ਪਿੰਡ ਵਾਲੇ ਹੋਰ ਲੋਕਾਂ ਨੇ ਕੁੜੀਆਂ ਨੂੰ ਕਾਫ਼ੀ ਦਾਨ-ਪੁੰਨ ਕੀਤਾ। ਉਸ ਵਕਤ ਦੁੱਲੇ ਭੱਟੀ ਕੋਲ ਵੀ ਸ਼ੱਕਰ ਤੋਂ ਸਿਵਾਇ ਕੁਝ ਨਹੀਂ ਸੀ, ਜਿਸ ਕਰਕੇ ਉਸ ਨੇ ਲੜਕੀਆਂ ਨੂੰ ਸ਼ਗਨ ਦੇ ਰੂਪ ਵਿੱਚ ਸ਼ੱਕਰ ਹੀ ਦਿੱਤੀ ਸੀ। ਇਸ ਗੱਲ ਦਾ ਪਤਾ ਹੇਠ ਲਿਖੀਆਂ ਤੁਕਾਂ ਤੋਂ ਲੱਗਦਾ ਹੈ :—

**ਸੁੰਦਰ ਮੁੰਦਰੀਏ.....ਹੋ,**
**ਤੇਰਾ ਕੌਣ ਵਿਚਾਰਾ.....ਹੋ**
**ਦੁੱਲਾ ਭੱਟੀ ਵਾਲਾ.....ਹੋ,**
**ਦੁੱਲੇ ਨੇ ਧੀ ਵਿਆਹੀ.....ਹੋ**

**ਸੇਰ ਸ਼ੱਕਰ ਪਾਈ.....ਹੋ,**
**ਕੁੜੀ ਦਾ ਸਾਲੂ ਪਾਟਾ.....ਹੋ,**
**ਕੁੜੀ ਦਾ ਜੀਵੇ ਚਾਚਾ.....ਹੋ,**
**ਚਾਚਾ ਚੂਰੀ ਕੁੱਟੇ.....ਹੋ ।**

ਉਸ ਦਿਨ ਤੋਂ ਬਾਅਦ ਲੋਕ ਲੋਹੜੀ ਦਾ ਤਿਓਹਾਰ ਮਨਾਉਂਦੇ ਹਨ ਅਤੇ ਆਪਣੀਆਂ ਵਿਆਹੀਆਂ ਹੋਈਆਂ ਲੜਕੀਆਂ ਨੂੰ ਦਾਨ-ਪੁੰਨ ਵਜੋਂ ਕਈ ਤੋਹਫ਼ੇ ਆਦਿ ਦਿੰਦੇ ਹਨ।

ਲੋਹੜੀ ਦੇ ਤਿਓਹਾਰ ਦਾ ਸੰਬੰਧ ਇਕ ਹੋਰ ਘਟਨਾ ਨਾਲ ਵੀ ਜੋੜਿਆ ਜਾਂਦਾ ਹੈ। ਉਹ ਇਸ ਤਰ੍ਹਾਂ ਹੈ ਕਿ ਭਗਵਾਨ ਸ਼ੰਕਰ ਦੀ ਪਹਿਲੀ ਪਤਨੀ ਸਤੀ ਦਖਸ਼ ਪਰਜਾਪਤ ਦੀ ਲੜਕੀ ਸੀ । ਇਕ ਵਾਰ ਦਖਸ਼ ਪਰਜਾਪਤ ਨੂੰ ਦੇਵੀ-ਦੇਵਤਿਆਂ ਨੇ ਇਕ ਇਕੱਠ ਵਿੱਚ ਸ਼ਾਮਲ ਹੋਣ ਲਈ ਬੁਲਾਇਆ । ਸਾਰੇ ਦੇਵੀ-ਦੇਵਤਿਆਂ ਨੇ ਪਰਜਾਪਤ ਦਾ ਖੜੇ ਹੋ ਕੇ ਬਹੁਤ ਸਨਮਾਨ ਕੀਤਾ ਪਰ ਭਗਵਾਨ ਸ਼ੰਕਰ ਨੇ ਪਰਜਾਪਤ ਦੀ ਆਮਦ ਨੂੰ ਗੌਲਿਆ ਤਕ ਨਾ ਅਤੇ ਉਹ ਆਪਣੀ ਹੀ ਮਸਤੀ ਵਿੱਚ ਮਸਤ ਬੈਠੇ ਰਹੇ, ਜਿਸ ਕਰਕੇ ਦਖਸ਼ ਪਰਜਾਪਤ ਨੇ ਆਪਣੀ ਬੇਇੱਜ਼ਤੀ ਮਹਿਸੂਸ ਕੀਤੀ ਅਤੇ ਉਹ ਗ਼ੁੱਸੇ ਵਿੱਚ ਆ ਕੇ ਉੱਥੋਂ ਚਲੇ ਗਏ ।

ਇਸ ਬੇਇੱਜ਼ਤੀ ਦਾ ਬਦਲਾ ਲੈਣ ਲਈ ਪਰਜਾਪਤ ਨੇ ਇਕ ਮਹਾਨ ਯੱਗ ਕੀਤਾ, ਜਿਸ ਵਿੱਚ ਸਾਰੇ ਦੇਵੀ-ਦੇਵਤਿਆਂ ਨੂੰ ਬੁਲਾਇਆ ਪਰ ਭਗਵਾਨ ਸ਼ੰਕਰ ਨੂੰ ਨਾ ਬੁਲਾਇਆ। ਸਤੀ ਨੇ ਆਪਣੇ ਪਿਤਾ ਵੱਲੋਂ ਯੱਗ ਰਚਾਏ ਜਾਣ ਦਾ ਪਤਾ ਲੱਗਣ ਉਪਰੰਤ, ਉਸ ਨੇ ਭਗਵਾਨ ਸ਼ੰਕਰ ਤੋਂ ਆਪਣੇ ਪਿਤਾ ਵੱਲੋਂ ਰਚਾਏ ਯੱਗ ਵਿੱਚ ਜਾਣ ਦੀ ਆਗਿਆ ਮੰਗੀ। ਪਹਿਲਾਂ ਤਾਂ ਭਗਵਾਨ ਸ਼ੰਕਰ ਨੇ ਟਾਲ-ਮਟੋਲ ਕੀਤਾ ਪਰ ਆਪਣੀ ਪਤਨੀ ਦੀ ਜ਼ਿੱਦ ਵੇਖ ਕੇ ਉਨ੍ਹਾਂ ਨੂੰ ਯੱਗ ਵਿੱਚ ਹਿੱਸਾ ਲੈਣ ਲਈ ਆਗਿਆ ਦੇ ਦਿੱਤੀ । ਜਦੋਂ ਸਤੀ ਆਪਣੇ ਪਿਤਾ ਦੇ ਯੱਗ ਵਾਲੀ ਥਾਂ 'ਤੇ ਗਈ ਤਾਂ ਉਸ ਦੇ ਪਿਤਾ ਨੇ ਉਸ ਨਾਲ ਕੋਈ ਵੀ ਗੱਲਬਾਤ ਨਾ ਕੀਤੀ ਅਤੇ ਭਗਵਾਨ ਸ਼ੰਕਰ ਨੂੰ ਮਾੜਾ-ਚੰਗਾ ਬੋਲਿਆ ਜਿਸ ਕਰਕੇ ਸਤੀ ਨੇ ਗ਼ੁੱਸੇ ਵਿੱਚ ਆ ਕੇ ਬਲਦੇ ਹਵਨ ਵਾਲੀ ਅੱਗ ਵਿੱਚ ਛਾਲ ਲਗਾ ਦਿੱਤੀ ਤੇ ਸੜ ਕੇ ਭਸਮ ਹੋ ਗਈ। ਇਸ ਗੱਲ ਦਾ ਜਦੋਂ ਸ਼ੰਕਰ ਭਗਵਾਨ ਨੂੰ ਪਤਾ ਲੱਗਾ ਤਾਂ ਉਹ ਗ਼ੁੱਸੇ ਵਿੱਚ ਭੜਕ ਉੱਠੇ, ਅਤੇ ਯੱਗ ਵਾਲੀ ਥਾਂ ਨੂੰ ਭੱਜ ਤੁਰੇ । ਜਿਉਂ ਹੀ ਉਹ ਪਰਜਾਪਤ ਤੇ ਵਾਰ ਕਰਨ ਲੱਗੇ, ਤਾਂ ਪਰਜਾਪਤ ਨੇ ਇਕਦਮ ਭਗਵਾਨ ਸ਼ੰਕਰ ਤੋਂ ਮੁਆਫ਼ੀ ਮੰਗਣੀ ਸ਼ੁਰੂ ਕਰ ਦਿੱਤੀ, ਜਿਸ ਕਰਕੇ ਭਗਵਾਨ ਸ਼ੰਕਰ ਨੇ ਪਰਜਾਪਤ ਨੂੰ ਮੁਆਫ਼ ਕਰ ਦਿੱਤਾ ਅਤੇ ਉਸ ਨੇ ਪੂਰਨ ਆਹੂਤੀ ਪਾ ਕੇ ਯੱਗ ਨੂੰ ਪੂਰਨ ਕੀਤਾ। ਪਰਜਾਪਤ ਨੇ ਸ਼ੰਕਰ ਭਗਵਾਨ ਨੂੰ ਵਿਦਾ ਕਰਦੇ ਵਕਤ ਬਹੁਤ ਸਾਰੇ ਤੋਹਫ਼ੇ ਅਤੇ ਕੀਮਤੀ ਚੀਜ਼ਾਂ ਦੇ ਕੇ ਵਿਦਾ ਕੀਤਾ । ਇਸ ਪ੍ਰਥਾ ਨੂੰ ਅੱਜ ਵੀ ਅਸੀਂ ਆਪਣੇ ਘਰਾਂ ਵਿੱਚ ਵੇਖਦੇ ਹਾਂ । ਅਸੀਂ ਆਪਣੀਆਂ ਲੜਕੀਆਂ ਦੇ ਸਹੁਰਿਆਂ ਨੂੰ ਲੋਹੜੀ ਵਾਲੇ ਦਿਨ ਰੇਵੜੀਆਂ, ਪਿੰਨੀਆਂ ਅਤੇ ਕੱਪੜੇ ਆਦਿ ਸੰਧਾਰੇ ਦੇ ਰੂਪ ਵਿੱਚ ਭੇਜਦੇ ਹਾਂ । ਇਸ ਕਾਰਨ ਕਰਕੇ ਵੀ ਲੋਹੜੀ ਦਾ ਤਿਓਹਾਰ ਮਨਾਇਆ ਜਾਂਦਾ ਹੈ ।

ਇਹ ਤਿਓਹਾਰ ਦੇਸੀ ਮਹੀਨਿਆਂ ਅਨੁਸਾਰ ਮੱਘਰ ਮਹੀਨੇ ਦੀ ਸੰਗਰਾਂਦ ਤੋਂ ਇਕ ਦਿਨ ਪਹਿਲਾਂ ਮਨਾਇਆ ਜਾਂਦਾ ਹੈ । ਇਸ ਵਕਤ ਸਰਦੀ ਆਪਣੇ ਪੂਰੇ ਜੋਬਨ 'ਤੇ ਹੁੰਦੀ ਹੈ। ਕਿਉਂਕਿ ਪੰਜਾਬ ਖੇਤੀ ਪ੍ਰਧਾਨ ਪ੍ਰਾਂਤ ਹੈ । ਇਸ ਲਈ ਇਨ੍ਹਾਂ ਦਿਨਾਂ ਵਿੱਚ ਪੰਜਾਬੀ ਕਿਸਾਨ ਕਣਕ ਆਦਿ ਦੀ ਬਿਜਾਈ ਕਰਕੇ ਵਿਹਲਾ ਹੋਇਆ ਹੁੰਦਾ ਹੈ ਅਤੇ ਇਨ੍ਹਾਂ ਦਾ ਵਿਹਲਾਪਨ ਵੀ ਇਸ ਤਿਓਹਾਰ ਦੀ ਮਹਾਨਤਾ ਵਿੱਚ ਵਾਧਾ ਕਰਦਾ ਹੈ ।

ਲੋਹੜੀ ਤੋਂ ਹਫ਼ਤਾ ਦਸ ਕੁ ਦਿਨ ਪਹਿਲਾਂ ਪਿੰਡਾਂ ਅਤੇ ਸ਼ਹਿਰਾਂ ਦੇ ਛੋਟੇ-ਛੋਟੇ ਮੁੰਡੇ-ਕੁੜੀਆਂ ਟੋਲੀਆਂ ਬਣਾ ਕੇ, ਘਰ-ਘਰ, ਗਲੀ-ਗਲੀ, ਮੁਹੱਲੇ-ਮੁਹੱਲੇ ਜਾ ਕੇ ਪੈਸੇ, ਤਿਲਾਂ ਦੀਆਂ ਰੇਵੜੀਆਂ ਅਤੇ ਲੋਹੜੀ ਬਾਲਣ ਲਈ ਪਾਥੀਆਂ ਆਦਿ ਮੰਗਦੇ ਹਨ, ਜਿਸ ਨੂੰ 'ਲੋਹੜੀ ਮੰਗਣਾ' ਆਖਿਆ ਜਾਂਦਾ ਹੈ । ਲੋਹੜੀ ਮੰਗਣ ਵੇਲੇ, ਉਹ ਹਰ ਇਕ ਘਰ ਦੇ ਬੂਹੇ ਅੱਗੇ ਗੀਤ ਆਦਿ ਗਾ ਕੇ ਲੋਹੜੀ ਮੰਗਦੇ ਹਨ :—

**ਦੇ ਮਾਈ ਪਾਥੀ, ਤੇਰਾ ਪੁੱਤ ਚੜ੍ਹੇਗਾ ਹਾਥੀ,**
**ਸਾਡੀ ਲੋਹੜੀ ਮਨਾਓ ।**
**ਦੇ ਮਾਈ ਲੋਹੜੀ, ਤੇਰਾ ਪੁੱਤ ਚੜ੍ਹੇਗਾ ਘੋੜੀ,**
**ਸਾਡੀ ਲੋਹੜੀ ਮਨਾਓ ।**
**ਦੇ ਮਾਈ ਤੇਲ, ਤੇਰਾ ਪੁੱਤ ਚੜ੍ਹੇਗਾ ਰੇਲ,**
**ਸਾਡੀ ਲੋਹੜੀ ਮਨਾਓ ।**

ਆਮ ਵੇਖਿਆ ਜਾਂਦਾ ਹੈ ਕਿ ਪਿੰਡ ਵਿੱਚ ਕਈ ਬਹੁਤ ਅੜਬ ਜਾਂ ਸੂਮ ਜ਼ਨਾਨੀਆਂ ਹੁੰਦੀਆਂ ਹਨ, ਜਿਹੜੀਆਂ ਪਾਥੀਆਂ ਆਦਿ ਤਾਂ ਕੀ ਆਪਣੇ ਸਰੀਰ ਦਾ ਵਾਲ ਵੀ ਦੇਣ ਲਈ ਰਾਜ਼ੀ ਨਹੀਂ ਹੁੰਦੀਆਂ, ਅਜਿਹੀਆਂ ਜ਼ਨਾਨੀਆਂ ਤੋਂ ਮੁੰਡੇ-ਕੁੜੀਆਂ ਵਡਿਆ ਕੇ ਲੋਹੜੀ ਲੈਣ ਦੀ ਕੋਸ਼ਿਸ਼ ਕਰਦੇ ਹਨ ਜਿਵੇਂ :—

**ਉੱਖਲੀ 'ਚ ਮਸ਼ੀਨ,**
**ਥੋਡੇ ਬਹੂਆਂ ਆਉਣ ਸ਼ੌਕੀਨ।**
**ਆਉਣ ਪਾਊਡਰ ਤੇ ਕਰੀਮ,**
**ਸਾਡੀ ਲੋਹੜੀ ਮਨਾਓ।**

ਪਰ ਜਦ ਉਸ ਸੂਮ ਔਰਤ 'ਤੇ ਇਸ ਵਡਿਆਈ ਦਾ ਕੋਈ ਅਸਰ ਨਹੀਂ ਹੁੰਦਾ ਤਾਂ ਫਿਰ ਉਹ ਜ਼ਿੱਦ ਕਰ ਬੈਠਦੇ ਹਨ, ਜਿਵੇਂ :—

**ਚਾਰ ਕੁ ਦਾਣੇ ਖਿੱਲਾਂ ਦੇ,**
**ਪਾਥੀ ਲੈ ਕੇ ਹਿੱਲਾਂਗੇ।**

ਪਰ ਜਦ ਉਹ ਔਰਤ ਫਿਰ ਵੀ ਟੱਸ ਤੋਂ ਮੱਸ ਨਹੀਂ ਹੁੰਦੀ ਫਿਰ ਉਹ ਉਸ ਨੂੰ ਚਿੜ੍ਹਾਉਣ ਲਈ ਕਹਿੰਦੇ ਹਨ :—

**ਉੱਖਲੀ 'ਚ ਧੂੰਆਂ**
**ਤੇਰੇ ਮੁੰਡੇ ਦੇ ਪੈ ਜਾਣ ਜੂੰਆਂ।**

ਵੇਖਣ ਵਿੱਚ ਆਉਂਦਾ ਹੈ ਕਿ ਵੱਡੇ ਜਾਂ ਛੋਟੇ ਸ਼ਹਿਰਾਂ ਵਿੱਚ ਕਈ ਮੰਗਤੇ ਜਿਹੜੇ ਪੈਸੇ ਆਦਿ ਮੰਗਣ ਦੇ ਪੇਸ਼ਾਕਾਰ ਹੁੰਦੇ ਹਨ, ਉਹ ਲੋਹੜੀ ਮੰਗਣ ਦੇ ਬਹਾਨੇ ਦੁਕਾਨਦਾਰਾਂ ਅਤੇ ਆਮ ਜਨਤਾ ਨੂੰ ਕਾਫ਼ੀ ਪਰੇਸ਼ਾਨ ਕਰਦੇ ਹਨ। ਉਨ੍ਹਾਂ ਵੱਲੋਂ ਅਜਿਹਾ ਕਰਨਾ ਇਸ ਮਹਾਨ ਪਵਿੱਤਰ ਤਿਓਹਾਰ ਦੀ ਮਹਾਨਤਾ ਨੂੰ ਘਟਾਉਂਦਾ ਹੈ। ਜਿਸ ਕਰਕੇ ਇਨ੍ਹਾਂ ਮੰਗਤਿਆਂ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ।

ਪੰਜਾਬ ਵਿੱਚ ਜਿਸ ਘਰ ਪਹਿਲੀ ਲੋਹੜੀ ਤੋਂ ਪਹਿਲਾਂ ਕਿਸੇ ਮੁੰਡੇ ਦਾ ਵਿਆਹ ਹੋਇਆ ਹੋਵੇ ਜਾਂ ਕਿਸੇ ਦੇ ਘਰ ਪਹਿਲਾ ਲੜਕਾ ਹੋਇਆ ਹੋਵੇ ਉਸ ਘਰ ਵਿੱਚ ਬਹੁਤ ਹੀ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ। ਗਰੀਬਾਂ ਨੂੰ ਬਹੁਤ ਦਾਨ-ਪੁੰਨ ਕੀਤਾ ਜਾਂਦਾ ਹੈ।

ਲੋਹੜੀ ਵਾਲੇ ਦਿਨ ਵਿਆਂਹਦੜ ਲੜਕੀਆਂ ਦੇ ਸੌਹਰੀਂ, ਉਨ੍ਹਾਂ ਦੇ ਪੇਕਿਆਂ ਵੱਲੋਂ ਸੰਧਾਰੇ ਭੇਜੇ ਜਾਂਦੇ ਹਨ, ਜਿਨ੍ਹਾਂ ਵਿੱਚ ਖ਼ਾਸ ਕਰ ਤਿਲਾਂ ਦੀਆਂ ਰੇਵੜੀਆਂ, ਚੌਲਾਂ ਜਾਂ ਤਿਲਾਂ ਦੀਆਂ ਪਿੰਨੀਆਂ ਹੁੰਦੀਆਂ ਹਨ। ਅਜਿਹੇ ਸੰਧਾਰੇ ਦੀ ਇਕ ਭੈਣ, ਬੜੀ ਬੇ-ਸਬਰੀ ਨਾਲ ਉਡੀਕ ਕਰਦੀ ਹੋਈ ਕਹਿੰਦੀ ਹੈ :—

**ਵੀਰ ਹੋਵੇ ਇਕ, ਭੈਣਾਂ ਹੋਣ ਕਿੰਨੀਆਂ,**
**ਤਾਂ ਵੀ ਵੀਰ ਲੋਹੜੀ ਨੂੰ ਲਿਆਵੇ ਪਿੰਨੀਆਂ।**

ਇਸ ਤਿਓਹਾਰ ਵਾਲੇ ਦਿਨ ਕਈ ਨੌਜਵਾਨ ਗੱਭਰੂ ਅਤੇ ਮੁਟਿਆਰਾਂ ਲੋਹੜੀ ਵਾਲੀ ਅੱਗ ਵਿੱਚ ਨਿਕਲ ਰਹੀਆਂ ਲਾਟਾਂ ਦੇ ਸਾਹਮਣੇ ਆਪਣੇ ਪਿਆਰ ਨੂੰ ਹੋਰ ਵੀ ਪਕੇਰਾ ਬਨਾਉਣ ਦੀਆਂ ਕਸਮਾਂ ਖਾਂਦੇ ਹਨ। ਕਈ ਨੌਜਵਾਨ ਜਿਨ੍ਹਾਂ ਦੀਆਂ ਮਹਿਬੂਬਾਂ ਆਪਣੇ ਵਾਹਦੇ ਤੋਂ ਮੁੱਕਰ ਕਿਧਰੇ ਹੋਰ ਪਾਸੇ ਵਿਆਹ ਕਰਵਾ ਲੈਂਦੀਆਂ ਹਨ, ਉਨ੍ਹਾਂ ਦੇ ਆਸ਼ਕ ਵਿਚਾਰੇ, ਇਸ ਲੋਹੜੀ ਵਾਲੇ ਦਿਨ ਉਨ੍ਹਾਂ ਮਹਿਬੂਬਾਂ ਦੀ ਬੇ-ਵਫ਼ਾਈ ਨੂੰ ਯਾਦ ਕਰ-ਕਰ ਕਹਿੰਦੇ ਹਨ :—

**ਲੋਹੜੀ ਵਾਲੀ ਰਾਤ**
**ਲੋਕਾਂ ਬਾਲੀਆਂ ਨੇ ਲੋਹੜੀਆਂ।**
**ਸਾਡੀ ਕਾਹਦੀ ਲੋਹੜੀ,**
**ਅੱਖਾਂ ਸੱਜਣਾ ਨੇ ਮੋੜੀਆਂ।**

*897, ਫੇਜ਼ 10, ਸੈਕਟਰ 64, ਮੁਹਾਲੀ*

'ਪਾਲਿਕਾ ਸਮਾਚਾਰ' (ਪੰਜਾਬੀ) ਦੇ ਲੇਖਕਾਂ, ਪਾਠਕਾਂ ਅਤੇ ਸਮੂਹ ਦੇਸ਼ਵਾਸੀਆਂ ਨੂੰ ਨਵੇਂ ਸਾਲ 2014 ਦੀਆਂ ਬਹੁਤ-ਬਹੁਤ ਮੁਬਾਰਕਾਂ!




'ਪਾਲਿਕਾ ਸਮਾਚਾਰ' (ਪੰਜਾਬੀ) ਦੇ ਸਰਪ੍ਰਸਤ
**ਸ੍ਰੀ ਜਲਜ ਸ੍ਰੀਵਾਸਤਵ** ਅਤੇ ਸੰਪਾਦਕੀ ਮੰਡਲ

# ਦੋ ਕਵਿਤਾਵਾਂ

**ਹਰਿਭਜਨ ਸਿੱਧੂ ਮਾਨਸਾ**

## (i) ਸ਼ਾਲਾ ! ਵਸਲ ਦਾ ਚੜ੍ਹੇ ਜੇ ਤਾਰਾ

ਚੇਤਰ ਚੇਤ ਮਨਾ, ਕਰ ਚੇਤੇ, ਵਿਸਾਖ ਬੀਤ ਗਏ ਦਿਵਸ ਨੇ ਕੇਤੇ ।
ਜੇਠ ਦਰਦ ਦੀ ਕਰੇ ਕਹਾਣੀ, ਹਾੜ ਕਿਸੇ ਨਾ ਰੂਹ ਪਛਾਣੀ ।
ਸਾਵਣ ਲੱਖ ਫੁਹਾਰਾਂ ਵਰਸਣ, ਭਾਦੋਂ ਭਾਉ ਤੇਰੇ ਨੂੰ ਤਰਸਣ ।
ਅੱਸੂ ਆਸ ਉਮੀਦ ਬੰਨ੍ਹਾਵੇ, ਕੱਤਕ ਚੜ੍ਹਦਿਆਂ ਮਾਹੀ ਆਵੇ ।
ਮੱਘਰ ਮਨ ਦਾ ਮਾਹੀ ਚਾਹਵੇ, ਪੋਹ ਹੱਡਾਂ ਨੂੰ ਸੀਤ ਚੜ੍ਹਾਵੇ ।
ਮਾਘ ਮਹੀਨੇ ਮਨ ਸੁਖ ਉਪਜੇ, ਫੱਗਣ ਇਹ ਜਿੰਦ ਨੂਰ 'ਚ ਲੁਕਜੇ ।
ਨੂਰੋ ਨੂਰ ਥੀਵੇ ਜੱਗ ਸਾਰਾ, ਸ਼ਾਲਾ ! ਵਸਲ ਦਾ ਚੜ੍ਹੇ ਜੇ ਤਾਰਾ ।

## (ii) ਜ਼ਿੰਦਗਾਨੀ ਦੀਆਂ ਮਸਤ ਬਹਾਰਾਂ

ਚਿੜੀਆਂ ਕੂੰਜਾਂ ਤੇ ਮੁਟਿਆਰਾਂ, ਲੰਘਣ ਜਿਧਰੋਂ ਬੰਨ੍ਹ ਬੰਨ੍ਹ ਡਾਰਾਂ ।
ਕਲੀਆਂ ਮੌਲਣ, ਖਿੜਨ ਬਹਾਰਾਂ, ਹੋਣ ਫ਼ਿਜ਼ਾਵੀਂ ਰੁਣ ਝੁਣਕਾਰਾਂ ।
ਬੁਲਬੁਲਾਂ, ਕੋਇਲਾਂ ਅਤੇ ਗੁਟਾਰਾਂ, ਖੇੜੇ ਖ਼ੁਸ਼ੀਆਂ ਦੀਆਂ ਆਬਸ਼ਾਰਾਂ ।
ਆਲਾ ਭੋਲਾ ਬਚਪਨ ਖਿੜਦਾ, ਤੁਤਲੇ ਬੋਲ, ਰੱਬੀ ਕਿਲਕਾਰਾਂ ।
ਚੜ੍ਹਦਾ ਲਹਿੰਦਾ ਦਿਨ ਦਾ ਸੂਰਜ, ਚੰਨ ਚਾਨਣੀ, ਮੀਂਹ-ਬੌਛਾਰਾਂ ।
ਦਿਨ ਬੀਤਣ ਤੇ ਰੁੱਤਾਂ ਬਦਲਣ, ਗਰਮੀ ਸਰਦੀ, ਬਸੰਤ ਬਹਾਰਾਂ ।
ਕਿਧਰੇ ਧੁੱਪਾਂ ਕਿਧਰੇ ਛਾਂਵਾਂ, ਕਿਧਰੇ ਬਦਲੀਆਂ ਪੌਣ ਫੁਹਾਰਾਂ ।
ਫੁੱਲ ਮਹਿਕਣ ਤੇ ਪੰਛੀ ਚਹਿਕਣ, ਪਵਨ ਹਿਲੋਰੇ, ਮਸਤ ਮਲ੍ਹਾਰਾਂ ।
ਦਿਨਸ ਰਾਤ ਦੀ ਗੋਦੀ ਖੇਲ੍ਹਣ, ਜ਼ਿੰਦਗਾਨੀ ਦੀਆਂ ਮਸਤ ਬਹਾਰਾਂ ।

*ਗਲੀ 3-ਏ, ਵਾਰਡ-7, ਗੁਰੂ ਗੋਬਿੰਦ ਸਿੰਘ ਨਗਰ,*
*ਨਵੀਂ ਕੋਰਟ ਰੋਡ, ਮਾਨਸਾ-151505 (ਪੰਜਾਬ)*

# ਦੋ ਗ਼ਜ਼ਲਾਂ/ਸਵਰਨ ਰਾਹੀ

## i

ਉਲਫ਼ਤ ਦੇ ਗੀਤ ਰੋ ਰੋ ਗਾਇਆ ਕਰਾਂਗਾ ਸੱਜਣਾ ।
ਤੇਰੇ ਗਰਾਂ ਜਦੋਂ ਵੀ ਆਇਆ ਕਰਾਂਗਾ ਸੱਜਣਾ ।
ਬਿਰਹੋਂ ਦੀ ਧੁੱਪ ਜਦ ਵੀ ਸਾੜੂਗੀ ਮੇਰਾ ਲੂੰ ਲੂੰ,
ਯਾਦਾਂ ਦਾ ਆਪਣੇ ਉੱਤੇ ਸਾਇਆ ਕਰਾਂਗਾ ਸੱਜਣਾ ।
ਤੇਰੇ ਬਦਨ ਦੀ ਖ਼ੁਸ਼ਬੂ ਪਾਵਾਂਗਾ ਜਦ ਕਦੀ ਵੀ,
ਧਰਤੀ ਤੇ ਪੈਰ ਤੱਕ ਨਾ ਲਾਇਆ ਕਰਾਂਗਾ ਸੱਜਣਾ ।
ਆ ਆ ਕੇ ਯਾਦ ਤੇਰੀ ਜਦ ਵੀ ਸਤਾਊ ਮੈਨੂੰ,
ਤੇਰੀ ਵਫ਼ਾ ਦੇ ਨਗ਼ਮੇਂ ਗਾਇਆ ਕਰਾਂਗਾ ਸੱਜਣਾ ।
ਹੋਈ ਨਸੀਬ ਨਾ ਜੇ 'ਰਾਹੀ' ਤੇਰੀ ਮੁਹੱਬਤ,
ਆਪਣੇ ਲਹੂ 'ਚ ਖ਼ੁਦ ਹੀ ਨ੍ਹਾਇਆ ਕਰਾਂਗਾ ਸੱਜਣਾ ।

## ii

ਕਦਮ ਕਦਮ ਤੇ ਖੜੇ ਸ਼ਿਕਾਰੀ ਜੋਬਨ ਕਿਵੇਂ ਬਚਾਵਾਂ ।
ਮੇਰਾ ਦੁਸ਼ਮਣ ਬਣਿਆਂ ਜਾਪੇ ਮੇਰਾ ਹੀ ਪਰਛਾਂਵਾਂ ।
ਫੁੱਲਾਂ ਵਾਂਗੂ ਖ਼ਾਰਾਂ ਉੱਤੇ ਸਿਰ ਰੱਖ ਕੇ ਨਿੱਤ ਸੌਵਾਂ,
ਆਪਣੀ ਹੋਂਦ ਗੁਆ ਬੈਠਾ ਏ ਪੱਤਿਆਂ ਵਿੱਚ ਪਰਛਾਂਵਾਂ ।
ਰੰਗ ਬਰੰਗੇ ਚੇਹਰੇ ਅਕਸਰ ਦਿਲ ਨੂੰ ਪਾਉਣ ਭੁਲੇਖੇ,
ਤੇਰਾ ਯਾਦ ਮੁਹਾਂਦਰਾ ਨਹੀਓਂ ਭੁੱਲਿਆ ਏ ਸਿਰਨਾਂਵਾਂ ।
ਪੱਤਾ ਪੱਤਾ ਚੁੱਪ ਜਿਹਾ ਏ ਰੁੱਖ ਨੇ ਸਹਿਮੇ ਸਹਿਮੇ,
ਕੋਈ ਆਫ਼ਤ ਆਵਣ ਵਾਲੀ ਟੁੰਬਦੀ ਵਾਂਗ ਖ਼ਿਜ਼ਾਵਾਂ ।
ਤੂੰ ਮੇਰੇ ਵਿਸ਼ਵਾਸ ਦੇ ਟੁਕੜੇ ਕਰਕੇ ਕੀ ਹੈ ਖੱਟਿਆ,
ਤੈਨੂੰ ਲਾਅਨਤ ਮੁੜ ਮੁੜ ਪਾਵਣ ਮੇਰੀਆਂ ਯਾਰ ਵਫ਼ਾਵਾਂ ।
ਭੁੱਲ ਕੇ ਕੋਈ ਪਰਿੰਦਾ ਨਾ ਹੁਣ ਦਿਲ ਦੀ ਸ਼ਾਖ਼ ਤੇ ਬਹਿੰਦਾ,
ਸੈਆਂ ਵਾਰ ਉਜਾੜੇ ਆਹਲਣੇ ਮਾਰੂ ਤੇਜ਼ ਹਵਾਵਾਂ ।
ਚਾਰ ਚੁਫੇਰੇ ਦਹਿਸ਼ਤ ਗਰਦਾਂ ਜੰਗਲ ਨੂੰ ਅੱਗ ਲਾਈ,
ਪਲ ਪਲ ਕਰਵਟ ਬਦਲ ਰਹੀਆਂ ਨੇ ਰਾਜਨੀਤੀ ਘਟਨਾਵਾਂ ।
ਮੇਰੇ ਦਿਲ ਵਿੱਚ ਚੁੰਗੀਆਂ ਭਰਦੇ ਦਰਦਾਂ ਦੇ ਹਰਨੋਟੇ,
ਜੀਵਨ ਦੇ ਸਹਿਰਾ ਵਿੱਚ ਭਟਕਣ ਪਾਗਲ ਰੋਜ਼ ਇੱਛਾਵਾਂ ।
ਮੈਂ ਚਾਨਣ ਦਾ ਆਸ਼ਕ 'ਰਾਹੀ' ਨ੍ਹੇਰੇ ਚੀਰ ਦਿਆਂਗਾ,
ਭਾਵੇਂ ਸਿਰੇ ਤੇ ਅੱਗ ਵਰੋਲੇ ਘੁੰਮ ਘੁੰਮ ਕਰਦੇ ਛਾਂਵਾਂ ।

*ਪਿੰਡ ਤੇ ਡਾਕ - ਰੁੜਕਾ ਕਲਾਂ, ਜ਼ਿਲ੍ਹਾ ਜਲੰਧਰ (ਪੰਜਾਬ)*

# ਕੌਣ ਵੰਡਾਵੇ ਪੀਰ

**ਸੁਰਿੰਦਰ ਕੌਰ ਛਾਬੜਾ**

ਘਰੋਂ ਨਿਕਲਦਿਆਂ-ਨਿਕਲਦਿਆਂ ਅਕਸਰ ਦਸ ਮਿੰਟ ਲੱਗ ਜਾਂਦੇ, ਸਭ ਨੂੰ ਟਾਟਾ, ਨਮਸਤੇ ਆਦਿ ਕਹਿੰਦਿਆਂ। ਇਹ ਹਰ ਵਾਰੀ ਹੁੰਦਾ। ਮਾਂ ਸਿਰ ਤੇ ਪਿਆਰ ਫੇਰਦੀ-ਫੇਰਦੀ, ਫਿਰ ਪੁੱਛ ਬਹਿੰਦੀ।

'ਹੁਣ ਕਦੋਂ ?' ਬਸ ਦੋ ਸ਼ਬਦ ਹੀ ਉਸ ਦੇ ਸੁਰੋਂ ਨਿਕਲ ਪਾਂਦੇ। ਗਲਾ ਭਾਰੀ ਹੋ ਉੱਠਦਾ। ਭਾਪਾ ਜੀ ਗਲੇ ਲਗਾ ਕੇ 'ਗੁਰੂ ਅੰਗ-ਸੰਗ' ਆਸ਼ੀਰਵਾਦ ਦਿੰਦੇ ਤੇ ਫਿਰ ਬਾਂਹ ਪਕੜ, ਆਪਣੇ ਕਲੇਜੇ ਨਾਲ ਲਗਾ ਕੇ ਲੰਬੀ ਸਾਹ ਲੈਂਦੇ। ਨੀਪਾ ਦਾ ਦਿਲ ਭਰ ਆਉਂਦਾ ਤੇ ਉਹ ਆਪਣੇ ਵਹਿੰਦੇ ਹੰਝੂ ਆਪਣੀਆਂ ਪਲਕਾਂ ਵਿੱਚ ਵਾਪਸ ਸਮੇਟਣ ਦੀ ਕੋਸ਼ਿਸ਼ ਕਰਦੀ, ਪੌੜੀਆਂ ਹੇਠਾਂ ਲਹਿ ਆਉਂਦੀ।

ਉਸ ਦਿਨ ਰਿਕਸ਼ਾ ਮਿਲ ਨਹੀਂ ਸੀ ਰਿਹਾ। 'ਦੂਜੇ ਮੋੜ ਤਕ ਅਗਰ ਨਹੀਂ ਮਿਲੀ ਤਾਂ ਬੱਸ ਲੈ ਲਵਾਂਗੀ', ਇਹ ਸੋਚ ਕੇ ਚੱਲ ਪਈ। ਮੋੜ ਮੁੱਕਣ ਤੇ ਘਰ ਵੱਲ ਨਜ਼ਰ ਮਾਰੀ ਤਾਂ ਦੇਖਿਆ – ਭਾਪਾ ਜੀ ਹੱਥੀਂ ਸੋਟੀ ਪਕੜੇ, ਬਿਲਡਿੰਗ ਹੇਠਾਂ ਦੀ ਦੀਵਾਰ ਨਾਲ ਜਿਵੇਂ ਕੁਝ ਲੱਭੀ ਜਾ ਰਹੇ ਸਨ। ਨੀਪਾ ਦੇ ਕਦਮ ਮੋੜ 'ਤੇ ਠਿਠਕੇ। ਪੰਜ ਮਿੰਟ ਉੱਥੇ ਖੜੀ ਦੇਖਦੀ ਰਹੀ। ਵਗਦੀ ਸੜਕ ਤੇ ਰਾਹਗੀਰਾਂ ਤੋਂ ਬੇਖ਼ਬਰ, ਉਂਞੇ ਹੀ ਜਿਵੇਂ ਭਾਪਾ ਜੀ ਦੁਨੀਆ ਤੇ ਆਂਢੀ-ਗੁਆਂਢੀਆਂ ਤੋਂ ਬੇਖ਼ਬਰ ਹੋ ਕੇ ਕੁਝ ਫਰੋਲ ਰਹੇ ਸਨ। ਖ਼ਿਆਲ ਆਇਆ – ਉਹ ਤਾਂ ਭਾਬੀ ਨੂੰ ਕਹਿ ਰਹੇ ਸਨ ਕਿ ਕੱਪੜੇ ਸੁੱਕਣੇ ਪਾਉਣ ਵੇਲੇ, ਹੇਠਾਂ ਇਕ ਚਿਟਕਣੀ ਡਿੱਗ ਪਈ ਸੀ। 'ਸ਼ਾਇਦ ਉਸੇ ਨੂੰ ਲੱਭ ਰਹੇ ਹੋਣ', ਸੋਚ ਕੇ ਨੀਪਾ ਆਪਣੇ ਰਾਹੇ ਚੱਲ ਪਈ।

ਜਦੋਂ ਵੀ ਨੀਪਾ ਆਉਂਦੀ, ਦੇਖਦੀ, ਵਾਸ਼-ਬੇਸਿਨ ਤੇ ਦੇਸੀ ਸਾਬਣ ਹੱਥ ਧੋਣ ਲਈ ਪਿਆ ਹੁੰਦਾ। ਜੀਅ ਬੜਾ ਕਰਿੱਝਦਾ। ਭਲਾ ! ਹੱਥ ਧੋਣ ਲਈ ਦੇਸੀ ਸਾਬਣ ਕਿਉਂ ? ਆਖ਼ਰ ਉਸ ਨੇ ਭਾਬੀ ਤੋਂ ਇਸ ਦਾ ਕਾਰਨ ਪੁੱਛ ਹੀ ਲਿਆ। ਜੁਆਬ ਮਿਲਿਆ –

'ਭਾਪਾ ਜੀ ਨੂੰ ਪੁੱਛੋ।'

ਭਾਪਾ ਜੀ ਉੱਚਾ ਸੁਣਨ ਲੱਗ ਪਏ ਸਨ। ਚੁੱਪ ਸਨ। ਉਹਨਾਂ ਸੁਣਿਆਂ ਜਾਂ ਨਹੀਂ, ਨੀਪਾ ਨੂੰ ਪਤਾ ਨਹੀਂ ਲੱਗ ਸਕਿਆ।

ਮਹੀਨੇ ਡੇਢ ਬਾਅਦ ਨੀਪਾ ਦਾ ਚੱਕਰ ਮਾਂ-ਬਾਪ ਵੱਲ ਅਕਸਰ ਲੱਗਦਾ ਸੀ। ਬੀਜੀ ਦਾ ਸੁਨੇਹਾ ਵੀ ਤਦ ਤੱਕ ਆ ਜਾਂਦਾ। ਦੋਵੇਂ ਬਿਮਾਰ ਰਹਿੰਦੇ ਸਨ। ਮਨ ਔਂਧਰ ਜਾਂਦਾ। ਤਾਂਘ ਹੁੰਦੀ – 'ਚੱਲੋ ! ਜਾ ਕੇ ਕੁਝ ਫ਼ਰੂਟ ਦੇ ਆਵਾਂ।'

ਵੈਸੇ ਨੀਪਾ ਨੂੰ ਨੌਕਰੀ ਅਤੇ ਘਰ ਦੀ ਜ਼ੁੰਮੇਵਾਰੀ ਤੋਂ ਬਿਲਕੁਲ ਫ਼ੁਰਸਤ ਨਹੀਂ ਮਿਲਦੀ ਸੀ। ਐਤਵਾਰ ਨੂੰ ਵੀ ਘਰ ਦੇ ਅਨੇਕਾਂ, ਹਫ਼ਤੇ ਦੇ ਬਚੇ-ਖੁਚੇ ਕੰਮਾਂ ਦੀ ਭਰਮਾਰ ਹੋਣ ਕਰ ਕੇ, ਸਭ ਕੁਝ ਨਬੇੜਦਿਆਂ ਹੋਇਆਂ, ਰਾਹ ਦੇ ਧੱਕੇ ਖਾਂਦੀ, ਭੀੜਾਂ ਚੀਰਦੀ ਹੋਈ ਪਹੁੰਚ ਹੀ ਜਾਂਦੀ। ਕਈ ਵਾਰੀ ਤਾਂ ਉਸ ਨੂੰ ਛੇ-ਸੱਤ ਘੰਟੇ ਰਾਹ ਵਿੱਚ ਹੀ ਲੱਗ ਜਾਂਦੇ ਤੇ ਸਿਰਫ਼ ਇਕ ਘੰਟਾ ਮਾਪਿਆਂ ਕੋਲ ਬਿਤਾ ਪਾਂਦੀ। ਬੀਜੀ-ਭਾਪਾ ਜੀ ਦਾ ਜੀਅ ਨਾ ਭਰਦਾ। 'ਰਹਿ ਜਾ' ਸੁਨਣ ਤੇ ਨੀਪਾ ਭੜਕ ਪੈਂਦੀ ਕਿ 'ਰੱਬ ਦਾ ਸ਼ੁਕਰ ਨਹੀਂ ਕਰਦੇ ਕਿ ਮੈਂ ਔਖੇ-ਸੌਖੇ ਹਾਲਾਤਾਂ ਵਿੱਚ ਵੀ ਆ ਕੇ ਮਿਲ ਜਾਂਦੀ ਹਾਂ।'

ਸਿਲਸਿਲਾ ਬਸ ਇਉਂ ਹੀ ਚਲਦਾ ਰਿਹਾ। ਬੱਚੇ ਵੱਡੇ ਹੋਈ ਜਾ ਰਹੇ ਸਨ। ਨੀਪਾ ਦੀ ਸਰੀਰਕ ਸ਼ਕਤੀ ਵੀ ਦਿਨ-ਬ-ਦਿਨ ਘਟਦੀ ਜਾ ਰਹੀ ਸੀ। ਬੱਚਿਆਂ ਦੀਆਂ ਮੰਗਾਂ ਵਧ ਰਹੀਆਂ ਸਨ। ਪਤੀਦੇਵ ਘਰ ਦੇ ਕੰਮਾਂ ਵਿੱਚ ਹੱਥ ਵੰਡਾਉਣ ਨੂੰ 'ਮੁੰਡ੍ਹਪੁਣਾ' ਕਹਿ ਕੇ ਗਰਮ ਹੋ ਉੱਠਦੇ। ਆਪਣੀਆਂ ਘਰੇਲੂ ਸਮੱਸਿਆਵਾਂ ਤੋਂ ਭੱਜ ਕੇ, ਨੀਪਾ ਮਾਂ ਦੀ ਗੋਦ ਲੱਭਦੀ ਤਾਂ ਅਵੱਸ਼ ਸੀ ਪਰ ਮਾਂ ਕੋਲ ਆਪਣੇ ਦਿਲ ਦਾ ਭਾਰ ਹਲਕਾ ਨਹੀਂ ਕਰ ਸਕਦੀ ਸੀ। ਕਾਰਨ – ਉਹਨਾਂ ਦੀਆਂ ਪਰੇਸ਼ਾਨੀਆਂ ਵਿੱਚ ਇਜ਼ਾਫ਼ਾ ਕਰਨਾ ਠੀਕ ਨਹੀਂ ਸੀ ਸਮਝਦੀ। ਉੱਥੇ ਜਾ ਕੇ ਉਹ ਸਿਰਫ਼ ਉਹਨਾਂ ਕੋਲ ਬੈਠੀ, ਡੂੰਘਾ ਅਹਿਸਾਸ ਮਹਿਸੂਸ ਕਰਦੀ ਰਹਿੰਦੀ।

ਦੁਪਹਿਰੀ ਤਿੰਨ ਵਜੇ ਦੀ ਕੜਕਦੀ ਧੁੱਪੇ, ਭਾਪਾ ਜੀ ਨੀਪਾ ਨੂੰ ਇਹ ਕਹਿ ਕੇ ਬਾਹਰ ਨਿਕਲ ਜਾਂਦੇ –

'ਮੈਂ ਹੁਣੇ ਆ ਰਿਹਾ ਹਾਂ। ਤੇਰਾ ਕੀ ਪ੍ਰੋਗਰਾਮ ਹੈ ?' ਜਾਂ ਫਿਰ ਕਹਿੰਦੇ – 'ਮੇਰਾ ਅਜੇ ਪਾਠ ਬਾਕੀ ਹੈ। ਸੈਰ ਕਰਦਿਆਂ ਕਰ ਲਵਾਂਗਾ।' ਤੇ ਉਹ ਸ਼ਾਮੀਂ ਛੇ ਵਜੇ ਘਰ ਵਾਪਸ ਆ ਬਹੁੜਦੇ। ਇਹ ਉਹਨਾਂ ਦਾ ਰੋਜ਼ਾਨਾ ਰੂਟੀਨ ਬਣਿਆ ਹੋਇਆ ਸੀ।

ਘਰ ਪਹੁੰਚ ਕੇ ਉਹ ਵਾਸ਼-ਬੇਸਿਨ ਤੇ ਚੰਗੀ ਤਰ੍ਹਾਂ ਸੋਟੀ ਸਾਬਣ ਨਾਲ ਧੋਂਦੇ। ਹੱਥ-ਪੈਰ ਧੋ ਕੇ, ਸ਼ਾਮ ਦੀ ਚਾਹ ਦੀ ਮੰਗ ਕਰਦੇ। ਚਾਹ ਵੱਖਰੀ ਤੇ ਦੁੱਧ ਵੱਖਰਾ ਹੁੰਦਾ। ਦਰਅਸਲ ਇਹ ਦੁੱਧ ਵਿੱਚ ਚਾਹ ਹੁੰਦੀ ਸੀ। ਜੇ ਤਾਂ ਬੀਜੀ ਦਿੰਦੇ, ਉਹਨਾਂ ਨੂੰ ਤਸੱਲੀ ਰਹਿੰਦੀ। ਗਿੱਲਾ ਨਹੀਂ ਹੁੰਦਾ। ਪਰ ਜਦੋਂ ਕਦੀ ਭਾਬੀ ਦਿੰਦੀ ਤਾਂ ਓਹ ਦੁੱਧ ਪਾਣ ਵੇਲੇ ਆਪਣਾ ਹੱਥ ਖਿੱਚ ਲੈਂਦੀ ਸੀ। ਭਾਪਾ ਜੀ ਝੱਟ ਕਹਿ ਦਿੰਦੇ ਕਿ ਦੁੱਧ ਘੱਟ ਹੈ ਤਾਂ ਭਾਬੀ ਔਖੀ ਹੋ ਕੇ ਬੋਲਦੀ। ਉਸ ਨੂੰ ਵੀ ਦੁੱਧ ਚੰਗਾ ਲੱਗਦਾ ਸੀ।

ਬੀਜੀ ਦੀਆਂ ਹੱਡੀਆਂ ਭੁਰ ਰਹੀਆਂ ਸਨ। ਡਾਕਟਰ ਕੈਲਸ਼ੀਅਮ ਦੀ ਕਮੀ ਕਰਕੇ, ਸਲਾਹ ਦਿੰਦੇ ਕਿ ਦੁੱਧ ਚੋਖਾ ਪੀਤਾ ਜਾਵੇ। ਅਤੇ ਉਹੀ ਘਾਟ ਭਾਬੀ ਆਪਣੇ ਸਰੀਰ ਵਿੱਚ ਨਾ ਆਉਣ ਦਿੰਦੀ। ਆਪਣੇ ਕਮਰੇ ਵਿੱਚ ਹਨ੍ਹੇਰੇ-ਸਵੇਰੇ ਦੁੱਧ ਦਾ ਗਿਲਾਸ ਲੈ ਜਾਂਦੀ ਸੀ।

ਬੀਜੀ ਜਦੋਂ ਤੱਕ ਸਿਹਤਮੰਦ ਰਹੇ, ਭਾਪਾ ਜੀ ਬੜਾ ਸੁਹਣਾ ਜੀਵਨ ਜੀਅ ਰਹੇ ਸਨ। ਉਹਨਾਂ ਦੀ ਕੱਪੜੇ ਦੀ ਦੁਕਾਨ ਸੀ। ਭਰਪੂਰ ਕਮਾਇਆ। ਹੋਲਸੇਲ ਦਾ ਵਪਾਰ ਹੋਣ ਕਰਕੇ, ਹਮੇਸ਼ਾਂ ਅੱਧੇ-ਅੱਧੇ ਮੀਟਰ ਦੇ ਕਈ ਸੈਂਪਲ ਮਿਲ ਜਾਂਦੇ, ਜਿਨ੍ਹਾਂ ਤੋਂ ਛੋਟੇ-ਛੋਟੇ ਬੱਚਿਆਂ ਦੇ ਕੱਪੜੇ ਸਿਲ ਜਾਂਦੇ ਤੇ ਹੋਰ ਕਈ ਜਗ੍ਹਾ ਲੈਣ-ਦੇਣ ਹੋ ਜਾਂਦਾ ਸੀ। ਭਾਪਾ ਜੀ ਦਾ ਆਖ਼ਿਰ ਆਧੁਨਿਕਤਾ ਨਾਲ ਮੇਲ ਨਾ ਬੈਠਣ ਕਰਕੇ ਵਪਾਰ ਮੰਦਾ ਪੈ ਗਿਆ। ਬੱਚਿਆਂ ਨੌਕਰੀ ਕਰ ਲਈ। ਘਰ ਵਿੱਚ ਬਸ ਹੁਣ ਸਿਰਫ਼ ਕੁਝ ਸੈਂਪਲ ਬਚੇ ਸਨ ਤੇ ਹੌਲੀ-ਹੌਲੀ ਹੁਣ ਉਹ ਵੀ ਖ਼ਤਮ ਹੋਣ ਤੇ ਸਨ।

ਘਰ ਦੀ ਵਾਗਡੋਰ ਹੁਣ ਭਾਬੀ ਦੇ ਹੱਥ ਸੀ। ਜਦੋਂ ਕੋਈ ਮਿਲਣ ਆਉਂਦਾ, ਫ਼ਰੂਟ ਚੁੱਕੀ ਲਿਆਂਦਾ। ਪਰ ਮਾਂ-ਬਾਪ ਨੂੰ ਕਿਸੇ ਚੀਜ਼ ਦੇ ਖਾਣ ਦੀ ਲਾਲਸਾ ਨਹੀਂ ਰਹਿ ਗਈ ਸੀ। ਪਰ ਭਾਪਾ ਜੀ ਨੇ ਇਕ ਨਵਾਂ ਸ਼ੌਂਕ ਪਾਲ ਲਿਆ ਸੀ ਤੇ ਉਹ ਸੀ 'ਖੰਡ' ਖਾਣ ਦਾ। ਕੁਝ ਵੀ ਖਾਣਾ ਬਣਦਾ, ਉਹਦੇ ਤੇ ਦੋ-ਚਾਰ ਵੱਡੇ ਚਮਚ ਖੰਡ ਪਾ ਲੈਂਦੇ। ਸਭ ਜਣੇ ਚਿੜ੍ਹਣ ਲੱਗ ਪਏ ਤਾਂ ਉਹ ਬਜ਼ਾਰੋਂ ਖੰਡ ਖ਼ਰੀਦ ਕੇ, ਆਪਣੇ ਥੈਲੇ ਵਿੱਚ ਰੱਖਣ ਲੱਗ ਪਏ। ਜਦੋਂ ਦਿਲ ਕਰਦਾ, ਖਾ ਲੈਂਦੇ। ਹੌਲੀ-ਹੌਲੀ ਉਹਨਾਂ ਚਾਕਲੇਟ ਤੇ ਬਿਸਕੁਟ ਖਾਣ ਦੀ ਆਦਤ ਵੀ ਪਾ ਲਈ। ਇਸ ਤਰ੍ਹਾਂ ਭਾਪਾ ਜੀ ਦੀ ਦੁਨੀਆ ਸਿਰਫ਼ ਮਿੱਠਾ ਖਾਣ-ਪੀਣ ਤੱਕ ਸਿਮਟ ਕੇ ਰਹਿ ਗਈ।

ਇਹ ਉਹੀ ਭਾਪਾ ਜੀ ਸਨ, ਜੋ ਬੇਹਿਸਾਬ ਮੇਵੇ, ਫਲ-ਫ਼ਰੂਟ ਤੇ ਸਬਜ਼ੀਆਂ ਦੇ ਥੈਲੇ ਭਰ ਕੇ ਲਿਆਇਆ ਕਰਦੇ ਸਨ। ਸਭ ਬੱਚਿਆਂ ਨੂੰ ਸੁਹਣੀ ਤਰ੍ਹਾਂ ਖੁਆ-ਪੁਆ ਕੇ ਵੱਡਾ ਕਰਕੇ, ਚੰਗੇ ਅਹੁਦਿਆਂ ਤੇ ਪਹੁੰਚਾਇਆ ਸੀ।

ਅਚਾਨਕ ਬੀਜੀ ਦੇ ਦਿਮਾਗ਼ ਦੀ ਨਸ ਫਟਣ ਕਰਕੇ ਉਹ ਦਸ ਦਿਨ, 'ਕੋਮਾ' ਵਿੱਚ ਰਹਿ ਕੇ, ਅਕਾਲ ਚਲਾਣਾ ਕਰ ਗਏ। ਭਾਪਾ ਜੀ ਗੁੰਮ-ਸੁੰਮ ਹੋ ਗਏ। ਰੋਜ਼ ਸੈਰ ਕਰਨ ਜਾਂਦੇ ਤਾਂ ਕਬੂਤਰ-ਖ਼ਾਨੇ ਵਿੱਚ ਕਰਿਆਨੇ ਦੀ ਦੁਕਾਨ ਤੋਂ ਦਾਣੇ ਖ਼ਰੀਦ ਕੇ ਪਾਂਦੇ। ਇਹ ਰੋਜ਼ ਦਾ ਸਿਲਸਿਲਾ ਬਣ ਗਿਆ ਸੀ।

ਬਿੱਟੂ ਬੀਜੀ ਦੀ ਫੋਟੋ ਦਿਖਾ ਕੇ ਭਾਪਾ ਜੀ ਨੂੰ ਪੁੱਛਣ ਲੱਗਾ – "ਭਾਪਾ ਜੀ ! ਇਹ ਕਿਸ ਦੀ ਫੋਟੋ ਹੈ ?"

"ਪਤਾ ਨਹੀਂ। ਪਰ ਚਿਹਰਾ ਪਛਾਣਿਆ ਹੋਇਆ ਲੱਗਦਾ ਹੈ।"

ਨੀਪਾ ਫੁੱਟ-ਫੁੱਟ ਕੇ ਰੋ ਪਈ। ਸੱਠ ਸਾਲਾਂ ਦੀ ਸਾਂਝ ਨੂੰ ਭਾਪਾ ਜੀ ਭੁੱਲ ਚੁੱਕੇ ਸਨ।

ਨੀਪਾ ਨੂੰ ਆਪਣੀ ਦਾਦੀ ਦਾ ਚੰਗੀ ਤਰ੍ਹਾਂ ਸੰਭਾਲਾ ਹੈ। ਉਹ ਹਰ ਵੇਲੇ ਅਰਦਾਸ ਕੀਤਾ ਕਰਦੀ ਸੀ –

"ਰੱਬਾ ! ਮੈਨੂੰ ਕਿਸੇ ਦਾ ਮੁਥਾਜ ਨਾ ਕਰੀਂ।"

ਭਾਪਾ ਜੀ ਸਿਰਫ਼ ਸੁਹਣਾ ਪਰ ਹਲਕਾ ਖਾਣਾ ਵਕਤ ਸਿਰ ਚਾਹੁੰਦੇ ਸਨ। ਉਹ ਚਾਹੁੰਦੇ ਕਿ ਹਰ ਕੋਈ ਉਹਨਾਂ ਨਾਲ ਪਿਆਰ ਨਾਲ ਪੇਸ਼ ਆਵੇ।

ਨੀਪਾ ਹੁਣ ਵੀ ਜਾਂਦੀ ਹੈ। ਮਨ ਵਿੱਚ ਚਾਅ, ਉਤਸ਼ਾਹ, ਉਲਾਰ ਜਾਣ ਵੇਲੇ ਜ਼ਰੂਰ ਹੁੰਦਾ ਹੈ। ਮਿਲਣ ਦੀ ਤਾਂਘ ਖਿੱਚ ਕੇ ਉੱਥੇ ਪਹੁੰਚਾ ਦਿੰਦੀ ਹੈ ਪਰ ਪਹੁੰਚਦਿਆਂ ਉਸ ਦੀਆਂ ਰਗ਼ਾਂ ਦਾ ਖ਼ੂਨ ਠੰਢਾ ਪੈ ਜਾਂਦਾ। ਉਸ ਤੋਂ ਕੋਈ ਸਵਾਲ ਪੁੱਛਣ ਤੇ ਜਿਵੇਂ ਉਸ ਦੀ ਜ਼ਬਾਨ ਨੂੰ ਲਕਵਾ ਜਕੜ ਲੈਂਦਾ। ਉਹ ਸਾਰੇ

ਸਵਾਲ ਜਿਵੇਂ ਅਤਿ ਦੀ ਠੰਢ ਵਿੱਚ ਮੂੰਹੋਂ ਨਿਕਲੇ ਧੂੰਏਂ ਦੀ ਤਰ੍ਹਾਂ, ਉਸ ਦੇ ਸਿਰ ਤੋਂ ਉਤਾਂਹ ਉੱਡ...ਤੇ ਕਿਧਰੇ ਜਾ ਕੇ ਵਿਲੀਨ ਹੋ ਜਾਂਦੇ। ਉਸ ਦੀ ਹਰ ਵਿਜ਼ਿਟ ਵਿੱਚ ਇਹੀ ਸਭ ਕੁਝ ਹੀ ਤਾਂ ਹੁੰਦਾ ਹੈ।

ਫ਼ਰਕ ਸਿਰਫ਼ ਇੰਨਾ ਹੈ ਕਿ ਹੁਣ ਉਸ ਦੇ ਦਿਲ ਦਾ ਨਾਸੂਰ ਹੋਰ ਵੱਡਾ ਹੋ ਗਿਆ ਹੈ। ਪੀਕ ਹੋਰ ਵਧ ਗਈ ਹੈ। ਪੀੜ ਵਧੇਰੀ ਹੈ ਪਰ ਉਸ ਪੀੜ ਨੂੰ ਘਟਾਉਣ ਲਈ, ਉਹ ਹੌਲੀ-ਹੌਲੀ ਕੁਝ ਦਿਨ ਫੋੜੇ ਨੂੰ ਆਸਿਉਂ-ਪਾਸਿਉਂ ਦਬਾਉਦੀ ਰਹਿੰਦੀ ਹੈ ਤਾਂਕਿ ਹੰਝੂਆਂ ਰਾਹੀਂ ਪੀਕ ਰਿੱਸ ਜਾਵੇ, ਥੋੜ੍ਹੀ ਰਾਹਤ ਮਿਲੇ। ਕਿਸੇ ਅੱਗੇ ਆਪਣੀ ਪੀੜ ਬਾਰੇ ਗੱਲ ਨਹੀਂ ਕਰ ਸਕਦੀ ਸੀ। ਭਾਬੀ ਨਾਲ ਕੀ ਗੱਲ ਕਰੇ, ਉਹ ਤਾਂ ਭਾਬੀ ਲਈ ਸਿਰਫ਼ ਨਿਨਾਣ ਸੀ। ਭਰਾਵਾਂ ਨੂੰ ਉਸ ਦੇ ਦਿਲ-ਦਰਦ ਵਿੱਚ ਝਾਕਣ ਦੀ ਫ਼ੁਰਸਤ ਨਹੀਂ। ਕੁਝ ਦਿਨ ਕੋਲ ਰਹਿਣ ਤੇ ਹੀ ਅਸਲੀਅਤ ਸਮਝ ਆਉਂਦੀ ਹੈ। ਇਹ ਜ਼ਖ਼ਮ ਤਾਂ ਰਿੱਸਦਾ ਰਹੇਗਾ...ਪੀੜ ਹੁੰਦੀ ਰਹੇਗੀ।

ਭਾਪਾ ਜੀ ਦੇ ਬਿਸਤਰੇ ਅਤੇ ਅਲਮਾਰੀ ਵਿੱਚ ਕਈ ਥੈਲੀਆਂ ਭਰੀਆਂ ਹੋਈਆਂ ਦੇਖਣ ਵਿੱਚ ਆਈਆਂ। ਭਾਬੀ ਨੇ ਦੱਸਿਆ ਕਿ ਉਹ ਜਦੋਂ ਹੇਠਾਂ ਦੋ-ਤਿੰਨ ਘੰਟਿਆਂ ਲਈ ਘੁੰਮਣ ਜਾਂਦੇ ਹਨ, ਤਦ ਮਿਉਂਸਿਪੈਲਿਟੀ ਦੇ ਕੂੜੇਦਾਨਾਂ ਦੇ ਢੇਰਾਂ ਨੂੰ ਸੋਟੀ ਨਾਲ ਫਰੋਲ-ਫਰੋਲ ਕੇ, ਲੀਰਾਂ ਦੇ ਟੁਕੜੇ ਵਿੱਚੋਂ ਕੱਢ ਲਿਆਉਂਦੇ ਹਨ। ਆ ਕੇ ਉਹਨਾਂ ਨੂੰ ਸਾਬਣ ਨਾਲ ਧੋ ਕੇ ਫਿਰ ਥੈਲਿਆਂ ਵਿੱਚ ਭਰ ਛੱਡਦੇ ਹਨ।

ਗ਼ੁੱਸੇ ਵਿੱਚ ਆ ਕੇ ਭਾਬੀ ਨੇ ਇਕ ਦਿਨ ਉਹਨਾਂ ਥੈਲਿਆਂ ਵਿੱਚੋਂ ਲੀਰਾਂ ਕੱਢ ਕੇ ਨੌਕਰਾਣੀ ਨੂੰ ਦੇ ਛੱਡੀਆਂ। ਭਾਪਾ ਜੀ ਸਾਰਾ ਦਿਨ ਬੜੇ ਪਰੇਸ਼ਾਨ ਰਹੇ। ਉਸ ਰਾਤ ਨਾ ਤਾਂ ਉਹਨਾਂ ਰੋਟੀ ਖਾਧੀ ਤੇ ਨਾ ਹੀ ਸੌਂ ਸਕੇ।

ਤੇ ਥੋੜ੍ਹੇ ਦਿਨਾਂ ਬਾਅਦ ਨੀਪਾ ਦੇ ਦਰਵਾਜ਼ੇ ਤੇ ਦਸਤਕ ਹੋਈ। ਸਾਹਮਣੇ ਭਾਪਾ ਜੀ ਖੜੇ ਸਨ। ਉਹਨਾਂ ਦੇ ਹੱਥਾਂ ਵਿੱਚ ਗੋਲ-ਗੱਦਾ ਸੀ। ਪੁੱਛਣ ਤੇ ਉਹਨਾਂ ਦੱਸਿਆ ਕਿ ਉਹ ਨੀਪਾ ਲਈ ਵਿਸ਼ੇਸ਼ ਲਿਆਏ ਹਨ। ਗੱਦਾ ਠੀਕ ਤਰ੍ਹਾਂ ਸੀਤਾ ਨਹੀਂ ਸੀ ਹੋਇਆ। ਦੇਖਣ ਤੇ ਪਤਾ ਲੱਗਾ ਕਿ ਗੋਲ-ਗੱਦਾ ਉਹਨਾਂ ਲੀਰਾਂ ਦਾ ਬਣਿਆ ਹੋਇਆ ਸੀ।

*ਬੀ–1, ਸ਼ਿਵ ਬਾਸਵ ਨਗਰ, ਸ਼ਿਵ ਮੰਦਰ ਰੋਡ,*
*ਅੰਬੇਰਨਾਥ, ਜ਼ਿਲ੍ਹਾ ਥਾਣੇ,*
*ਮਹਾਰਾਸ਼ਟਰਾ-421501*

## ਪਾਠਕਾਂ ਲਈ ਸੂਚਨਾ

ਨਵੀਂ ਦਿੱਲੀ 'ਪਾਲਿਕਾ ਸਮਾਚਾਰ' ਹੁਣ ਨਵੇਂ ਕਲੇਵਰ ਅਤੇ ਬਹੁਰੰਗੀ ਰੂਪ ਵਿੱਚ ਆਪ ਦੇ ਸਨਮੁਖ ਪੇਸ਼ ਹੈ। ਕਵਿਤਾਵਾਂ, ਗ਼ਜ਼ਲਾਂ, ਗੀਤਾਂ, ਕਹਾਣੀਆਂ ਅਤੇ ਲੇਖ ਦੇ ਇਲਾਵਾ ਅਨੇਕਾਂ ਪ੍ਰਕਾਰ ਦੀ ਸਮੱਗਰੀ ਨਾਲ ਭਰਪੂਰ 'ਪਾਲਿਕਾ ਸਮਾਚਾਰ' ਦੇ ਗਾਹਕ ਬਣੋ। 'ਪਾਲਿਕਾ ਸਮਾਚਾਰ' (ਪੰਜਾਬੀ) ਦਾ ਚੰਦਾ ਹੁਣ ਇਸ ਪ੍ਰਕਾਰ ਹੈ :--

| | | |
|---|---|---|
| ਇਕ ਕਾਪੀ | : | 020 ਰੁਪਏ |
| ਸਾਲਾਨਾ | : | 100 ਰੁਪਏ |
| ਪੰਜ ਸਾਲਾਂ ਲਈ | : | 400 ਰੁਪਏ |

'ਪਾਲਿਕਾ ਸਮਾਚਾਰ' (ਪੰਜਾਬੀ) ਦਾ ਚੰਦਾ ਆਪ ਮਨੀ-ਆਰਡਰ ਰਾਹੀਂ ਸਕੱਤਰ, ਨਵੀਂ ਦਿੱਲੀ ਨਗਰ ਪਾਲਿਕਾ ਪਾਲਿਕਾ ਪਰੀਸ਼ਦ, ਕਮਰਾ ਨੰ: 1209, ਬਾਰ੍ਹਵੀਂ ਮੰਜ਼ਿਲ, ਪਾਲਿਕਾ ਕੇਂਦਰ, ਸੰਸਦ ਮਾਰਗ, ਨਵੀਂ ਦਿੱਲੀ-110001 ਦੇ ਨਾਂ ਭੇਜ ਸਕਦੇ ਹੋ। *– ਸੰਪਾਦਕ*

# ਦੋ ਗ਼ਜ਼ਲਾਂ

ਤਰਲੋਕ ਸਿੰਘ 'ਦੀਵਾਨਾ'

## i

ਸਮੇਂ ਦੀ ਧਾਰ ਤੇ ਤੁਰਦੇ ਰਹੇ ਖ਼ਿਆਲ ਮੇਰੇ ।
ਮੇਰੀ ਕਲਮ ਦਾ ਸਫ਼ਰ ਵੀ ਹੈ ਨਾਲ ਨਾਲ ਮੇਰੇ ।

ਇਹ ਕੌਣ ਹੈ ਜੋ ਮੇਰੇ ਇਮਤਿਹਾਨ ਲੈਂਦਾ ਹੈ,
ਇਹ ਕੌਣ ਹੈ ਜੋ ਹੱਲ ਕਰ ਰਿਹਾ ਸਵਾਲ ਮੇਰੇ ।

ਇਹ ਮੇਰਾ ਦਰਦ ਹੈ ਲਿਖਦਾ ਹਾਂ ਲਹੂ ਸੰਗ ਜਿਸ ਨੂੰ,
ਇਹ ਤੇਰਾ ਗ਼ਮ ਹੈ ਕਿ ਹਨ ਸ਼ਬਦ ਬਾਕਮਾਲ ਮੇਰੇ ।

ਮੇਰੇ ਕਦੇ ਮੇਰੇ ਇਖ਼ਲਾਕ ਦਾ ਮੁੱਲ ਪੁੱਛਦੇ ਰਹੇ,
ਮੇਰੀ ਗਲੀ 'ਚ ਹੀ ਫਿਰਦੇ ਰਹੇ ਦਲਾਲ ਮੇਰੇ ।

ਜ਼ਿੰਦਗਾਨੀ ਦੇ ਮੇਰੇ ਤੇ ਬੜੇ ਅਹਿਸਾਨ ਨੇ ਪਰ,
ਜ਼ਿੰਦਗਾਨੀ ਤੇ ਬੜੇ ਰੰਜ ਰੰਜ ਤੇ ਮਲਾਲ ਨੇ ਮੇਰੇ ।

ਮੈਨੂੰ ਪਰਦੇ 'ਚ ਸਜ਼ਾ ਦੇ ਮੇਰੇ ਗੁਨਾਹਾਂ ਦੀ,
ਮੇਰੇ ਮਾਲਕ ਤੂੰ ਕਦੇ ਪਾਪ ਨਾ ਉਛਾਲ ਮੇਰੇ ।
ਮੇਰੇ ਸੰਦੂਕ ਨੂੰ ਲੁਟੇਰਿਆਂ ਨੇ ਕੀ ਲੁੱਟਣਾ,
ਮੇਰੀ ਕਿਤਾਬ ਵਿੱਚ ਸਾਂਭੇ ਪਏ ਨੇ ਲਾਲ ਮੇਰੇ ।

ਮੇਰੀ ਗ਼ਜ਼ਲ ਹੀ ਪੀ ਲਵੇਗੀ ਉਦਾਸੀ ਮੇਰੀ,
ਮੇਰੇ ਸ਼ਿਅਰਾਂ ਨੇ ਹੀ ਲੈਣੇ ਨੇ ਗ਼ਮ ਸੰਭਾਲ ਮੇਰੇ ।

ਮੇਰੇ ਵਾਂਗੂੰ ਹੀ ਮੁਸੀਬਤ 'ਚ ਮੁਸਕਰਾਉਂਦੇ ਨੇ,
ਮੇਰੇ ਵਾਂਗੂੰ ਹੀ 'ਦੀਵਾਨੇ' ਨੇ ਹਮਖ਼ਿਆਲ ਮੇਰੇ ।

## ii

ਜਦੋਂ ਕਿਸੇ ਇਨਸਾਨ ਨੂੰ ਹਿੱਸਾ ਬਰਾਬਰ ਨਾ ਮਿਲੇ ।
ਉਹ ਤਾਂ ਪਾਇਗਾ ਹੀ ਰੌਲਾ ਜੇ ਘਰ 'ਚੋਂ ਘਰ ਨਾ ਮਿਲੇ ।

ਮੁਰਦਿਆਂ ਦੇ ਤਨ ਤੋਂ ਕੱਫ਼ਨ ਤਕ ਉਤਾਰਨ ਵਾਲਿਓ,
ਹਸ਼ਰ ਤਕ ਤੁਹਾਨੂੰ ਵੀ ਤਨ ਢੱਕਣ ਨੂੰ ਚਾਦਰ ਨਾ ਮਿਲੇ ।

ਪੈਰਾਂ ਵਿੱਚ ਲਾਚਾਰ ਦੀ ਪਗੜੀ ਰੋਲਣ ਵਾਲਿਓ,
ਮਾਮਲੇ ਤੁਹਾਡੇ ਸਿਰਾਂ ਨੂੰ ਕੋਈ ਆਦਰ ਨਾ ਮਿਲੇ ।

ਨਾ ਕਿਸੇ ਦੀ ਨੀਂਦ ਦੇ ਸੁਪਨੇ ਚੁਰਾਓ ਜ਼ਾਲਮੋ,
ਕੀ ਪਤਾ ਕੱਲ੍ਹ ਸੌਣ ਨੂੰ ਤੁਹਾਨੂੰ ਬਿਸਤਰ ਨਾ ਮਿਲੇ ।

ਕਿਸੇ ਨੂੰ ਦੁੱਖ ਦੇਵੋਗੇ ਓਹ ਵੀ ਬਦਦੁਆ ਦੇਵੇਗਾ, ਕਿ
ਤੁਹਾਨੂੰ ਵੀ ਤਕਲੀਫ਼ ਵੇਲੇ ਕੋਈ ਡਾਕਟਰ ਨਾ ਮਿਲੇ ।

ਮਰ ਕੇ ਵੀ ਬੇਚੈਨ ਰੂਹ ਨੂੰ ਚੈਨ ਨਾ ਹੋਵੇ ਨਸੀਬ,
ਮਾਲਕਾ ਇਨਸਾਨ ਨੂੰ ਐਸਾ ਮੁਕੱਦਰ ਨਾ ਮਿਲੇ ।

ਮੂਰਖਾਂ ਦੇ ਸਾਥ ਨਾਲੋਂ ਅਕਲਮੰਦ ਦੁਸ਼ਮਣ ਭਲਾ,
ਯਾਰ ਨਾ ਮੂਰਖ ਮਿਲੇ ਬਹੁਤਾ ਵੀ ਚਾਤਰ ਨਾ ਮਿਲੇ ।

ਅੱਜ ਦੇ ਮਜਨੂੰ ਪਿਆਰ 'ਚੋਂ ਟੂੰਬਾਂ ਤੇ ਛੱਲੇ ਭਾਲਦੇ,
ਦਿਲ ਦੇ ਬਦਲੇ ਜਾਨ ਦੇਵਣ ਓਹ ਸੌਦਾਗਰ ਨਾ ਮਿਲੇ ।

ਉਸ ਨੂੰ ਆਏ ਨਾ 'ਦੀਵਾਨਾ' ਸ਼ਾਇਰੀ ਦਾ ਫ਼ਨ ਕਦੇ,
ਜਿਸ ਨੂੰ ਮੁਰਸ਼ਦ ਨਾ ਮਿਲੇ ਮਾਕੂਲ ਰਹਿਬਰ ਨਾ ਮਿਲੇ ।

*ਜੋਤੀਸਰ ਕਾਲੋਨੀ, ਜੰਡਿਆਲਾ ਗੁਰੂ,*
*ਅੰਮ੍ਰਿਤਸਰ (ਪੰਜਾਬ)*

# ਦੋ ਗ਼ਜ਼ਲਾਂ

**ਡਾ. ਦੇਵਿੰਦਰ ਬੀਬੀਪੁਰੀਆ 'ਮਹਿਰਮ'**

## i

ਇਕ ਦਿਨ ਮੰਜ਼ਿਲ ਆਪਣੀ ਨੂੰ ਮੈ ਪਾਵਾਂਗਾ।
ਗ਼ਜ਼ਲ ਮੇਰੀ ਦੇ ਨਾਂ ਤੋਂ ਜਾਣਿਆਂ ਜਾਵਾਂਗਾ।

ਜਦ ਤੀਕਣ ਮੈਂ ਚੁੱਪ ਹਾਂ ਸੱਜਣਾ ਖ਼ੈਰ ਮਨਾ,
ਬੋਲਾਂਗਾ ਤਾਂ ਪੱਥਰ ਨੂੰ ਪਿਘਲਾਵਾਂਗਾ।

ਕੁੱਤੇ ਪਾਲੋਗੇ ਤਾਂ ਘਰ ਕਿਸ ਨੇ ਆਉਣੈਂ,
ਮੈਂ ਤਾਂ ਆਪਣੇ ਵਿਹੜੇ ਵਿੱਚ ਰੁੱਖ ਲਾਵਾਂਗਾ।

ਬਣ ਮੇਨਕਾ ਕਰ ਨਾ ਇੰਜ ਮੁਦਰਾਵਾਂ ਤੂੰ,
ਵਿਸ਼ਵਾ ਮਿੱਤਰ ਨਹੀਂ ਜੋ ਮੈਂ ਫਸ ਜਾਵਾਂਗਾ।

ਬੀਵੀ, ਬੇਟੀ, ਮਾਂ ਮੇਰੀ ਤੇ ਪ੍ਰੇਮਿਕਾ,
ਦੋ ਬਾਹਾਂ ਨਾਲ ਕਿਸ ਕਿਸ ਨੂੰ ਗਲ ਲਾਵਾਂਗਾ।

ਉਂਜ ਤਾਂ ਮੈਂ ਤਰ ਸਕਦਾਂ ਗ਼ਮ ਦੇ ਸਭ ਦਰਿਆ,
ਬੇਟੀ ਦੇ ਹੰਝੂਆਂ ਵਿੱਚ ਪਰ ਡੁੱਬ ਜਾਵਾਂਗਾ।

ਤੀਲ੍ਹੀ ਹਾਂ ਮੈਂ ਇਕ ਪਲ ਜਲ ਕੇ ਬੁਝ ਜਾਣਾ,
ਪਰ ਇਸ ਪਲ ਵਿੱਚ ਦੀਵੇ ਕਈ ਰੁਸ਼ਨਾਵਾਂਗਾ।

ਤੂੰ ਆਲੋਚਕ, ਤੂੰ ਜਾਣੇ ਚੰਗਾ ਮਾੜਾ,
ਮੈਂ ਸ਼ਾਇਰ ਹਾਂ ਮੈਂ ਤਾਂ ਗੱਲ ਕਹਿ ਜਾਵਾਂਗਾ।

ਨੰਗੀ ਅੱਖ ਨਾਲ ਦੇਖ ਤਮਾਸ਼ਾ ਦੁਨੀਆ ਦਾ,
'ਮਹਿਰਮ' ਤੈਨੂੰ ਬਾਰ ਬਾਰ ਸਮਝਾਵਾਂਗਾ।

## ii

ਉਹ ਕਹਿੰਦੇ ਪਿੱਠ ਪਿੱਛੇ ਵਾਰ ਤਾਂ ਗ਼ੱਦਾਰ ਕਰਦੇ ਨੇ।
ਮਗਰ ਮੈਨੂੰ ਤਾਂ ਲੱਗਦਾ ਹੈ ਕਿ ਇਹ ਕੰਮ ਯਾਰ ਕਰਦੇ ਨੇ।

ਨਜ਼ਰ ਪਹਿਲੀ ਦੇ ਵਿੱਚ ਹੀ ਦਿਲ ਤੇ ਸਿੱਧਾ ਵਾਰ ਕਰਦੇ ਨੇ,
ਪਤਾ ਨਹੀਂ ਕਿਸ ਤਰ੍ਹਾਂ ਉਹ ਰੂਪ ਨੂੰ ਤਲਵਾਰ ਕਰਦੇ ਨੇ।

ਜਵਾਨੀ ਲਾ ਰਹੀ ਹੈ ਖ਼ੁਦ ਨੂੰ ਟੀਕੇ ਜ਼ਹਿਰ ਭਰ ਭਰ ਕੇ,
ਨਸ਼ੇ ਮੇਰੇ ਦੇਸ਼ ਨੂੰ ਏਦਾਂ ਪਏ ਬਿਮਾਰ ਕਰਦੇ ਨੇ।

ਕਿਸਾਨਾਂ ਦੇ ਕਿਉਂ ਹਿੱਸੇ ਵਿੱਚ ਇਕ ਵੀ ਫੁੱਲ ਨਹੀਂ ਆਉਂਦਾ,
ਪਸੀਨੇ ਤੋਂ ਜੋ ਬੰਜਰ ਧਰਤ ਨੂੰ ਗੁਲਜ਼ਾਰ ਕਰਦੇ ਨੇ।

ਇਹ ਅੱਖਰ ਹੀ ਨੇ ਜੋ ਬੰਦੇ ਦੇ ਅੰਦਰ ਜੋਸ਼ ਭਰ ਦਿੰਦੇ,
ਇਹ ਅੱਖਰ ਹੀ ਨੇ ਜੋ ਬੰਦੇ ਨੂੰ ਤਾਰੋ ਤਾਰ ਕਰਦੇ ਨੇ।

ਮਹਿਜ਼ ਪਗੜੀ ਸਜਾਵਣ ਨਾਲ ਕੋਈ ਸਰਦਾਰ ਨਹੀਂ ਬਣਦਾ,
ਉਹ ਤਾਂ ਬਸ ਕੰਮ ਨੇ ਜੋ ਬੰਦੇ ਨੂੰ ਸਰਦਾਰ ਕਰਦੇ ਨੇ।

ਉਹੀ ਕਿਉਂ ਚੂਸਦੇ ਨੇ, ਖ਼ੂਨ ਨੂੰ ਅਕਸਰ ਗ਼ਰੀਬਾਂ ਦੇ,
ਜੋ ਝੰਡਾ ਫੜ ਕੇ ਉਨ੍ਹਾਂ ਵਾਸਤੇ ਪ੍ਰਚਾਰ ਕਰਦੇ ਨੇ।

ਉਹ 'ਮਹਿਰਮ' ਆਪਣੀ ਥਾਂ ਠੀਕ ਜੋ ਜਾਂਦੇ ਨੇ ਮੰਦਰਾਂ ਵਿੱਚ,
ਮੇਰੇ ਵਰਗੇ ਤਾਂ ਬੰਦਿਆਂ ਵਿੱਚ ਉਹਦਾ ਦੀਦਾਰ ਕਰਦੇ ਨੇ।

*ਪਿੰਡ ਬੀਬੀਪੁਰ, ਡਾਕ: ਅਜਰਾਨਾ ਕਲਾਂ*
*ਜ਼ਿਲ੍ਹਾ ਕੁਰੂਕਸ਼ੇਤਰ (ਹਰਿਆਣਾ)*

NDMC
ਪਾਲਿਕਾ ਸਮਾਚਾਰ

# ਮਾਤਾ ਜੀ ਕਿੰਨੇ ਚੰਗੇ ਸਨ

ਸੁਖਦੇਵ ਸਿੰਘ ਸ਼ਾਂਤ

ਇਹ ਤਾਂ ਨਵੀਂ ਮੁਸੀਬਤ ਖੜ੍ਹੀ ਹੋ ਗਈ। ਅੱਗੇ ਕੋਈ ਨਾ ਕੋਈ ਜਾਂਦਾ ਸੀ ਅਤੇ ਮਾਤਾ ਜੀ ਨੂੰ ਟੀਕਾ ਲਵਾ ਲਿਆਉਂਦਾ ਸੀ, ਜਾਂ ਡਾਕਟਰ ਨੂੰ ਫ਼ੀਸ ਦੇ ਕੇ ਘਰ ਹੀ ਬੁਲਾ ਲੈਂਦੇ ਸੀ।

ਵੱਡਾ ਲੜਕਾ ਹਰਚੰਦ ਸਿੰਘ ਡਾਕਟਰ ਦੇ ਕਹਿਣ ਤੇ ਮਾਤਾ ਜੀ ਨੂੰ ਹਸਪਤਾਲ ਦਿਖਾਣ ਲੈ ਗਿਆ ਸੀ। ਅੱਗੇ ਡਾਕਟਰਾਂ ਨੇ ਉਹਨਾਂ ਨੂੰ ਦਾਖ਼ਲ ਹੀ ਕਰ ਲਿਆ।

"ਜੇ ਪੂਰਾ ਇਲਾਜ ਚਾਹੀਦੈ, ਤਾਂ ਦਾਖ਼ਲ ਹੋ ਕੇ ਈ ਹੋ ਸਕਦੈ।"

"ਤੁਹਾਡੀ ਮਾਤਾ ਦੀ ਹਾਲਤ ਵੀ ਇਸ ਸਮੇਂ ਗੰਭੀਰ ਹੈ।" ਡਾਕਟਰ ਨੇ ਆਖਿਆ ਸੀ। ਹਰਚੰਦ ਸਿੰਘ ਨਾਂਹ ਨਹੀਂ ਕਰ ਸਕਿਆ ਸੀ। ਨਾਂਹ ਕਰਦਾ ਵੀ ਕਿਵੇਂ ? ਡਾਕਟਰਾਂ ਤੇ ਨਰਸਾਂ ਦੇ ਸਾਹਮਣੇ ਉਹ ਆਪਣੇ ਆਪ ਨੂੰ ਨੀਵਾਂ ਨਹੀਂ ਕਰ ਸਕਦਾ ਸੀ।

"ਠੀਕ ਐ ਜੀ, ਦਾਖ਼ਲ ਕਰ ਲਉ।"

"ਪਰ ਮਾਤਾ ਜੀ ਦੇ ਕੋਲ ਕਿਸੇ ਔਰਤ ਦਾ ਰਹਿਣਾ ਜ਼ਰੂਰੀ ਹੈ। ਮਰਦ ਸਿਰਫ਼ ਬਾਹਰ ਤੋਂ ਦਵਾਈ ਵਗੈਰਾ ਲਿਆਉਣ ਲਈ ਰਹਿ ਸਕਦੇ ਨੇ।" ਇਕ ਨਰਸ ਨੇ ਵਿਸਥਾਰ ਨਾਲ ਸਮਝਾਇਆ।

ਸਾਢੇ ਬਾਰ੍ਹਾਂ ਵੱਜ ਗਏ ਸਨ। ਹਰਚੰਦ ਸਿੰਘ ਨੇ ਸੋਚਿਆ, 'ਛੋਟੂ ਨੂੰ ਮਾਤਾ ਜੀ ਪਾਸ ਛੱਡ ਜਾਂਦਾ ਹਾਂ। ਜਾ ਕੇ ਨਿੱਕੇ ਜਸਵੰਤ ਅਤੇ ਉਸ ਦੀ ਘਰਵਾਲੀ ਨੂੰ ਭੇਜ ਦਿਆਂਗਾ। ਨਾਲੇ ਉਹ ਦੁਪਹਿਰ ਦੀ ਰੋਟੀ ਲੈ ਆਉਣਗੇ। ਸ਼ਾਮ ਤੱਕ ਫਿਰ ਕੋਈ ਹੋਰ ਪ੍ਰਬੰਧ ਸੋਚਾਂਗੇ।'

ਹਰਚੰਦ ਸਿੰਘ ਘਰ ਇਕੱਲਾ ਵਾਪਸ ਆਇਆ, ਤਾਂ ਸਭ ਦੇ ਮੱਥੇ ਠਣਕ ਗਏ। ਉਸ ਭਰੇ ਹੋਏ ਮਨ ਨਾਲ ਇਹ ਸੂਚਨਾ ਸਾਰਿਆਂ ਨੂੰ ਦਿੱਤੀ, "ਮਾਤਾ ਜੀ ਦੀ ਹਾਲਤ ਜ਼ਿਆਦਾ ਖ਼ਰਾਬ ਹੈ। ਡਾਕਟਰਾਂ ਨੇ ਉਹਨਾਂ ਨੂੰ ਦਾਖ਼ਲ ਕਰ ਲਿਆ ਹੈ।"

ਉਹਦੀ ਘਰ ਵਾਲੀ ਬੋਲੀ, "ਤੁਸੀਂ ਐਵੇਂ ਹੀ ਦਾਖ਼ਲ ਕਰਾ ਆਏ। ਆਪਾਂ ਡਾਕਟਰ ਵਰਮਾ ਦੀ ਕੋਠੀ ਲੈ ਜਾਂਦੇ। ਐਨਾ ਸਿਆਣਾ ਡਾਕਟਰ ਐ ਉਹ।"

ਇਕ ਪਲ ਹਰਚੰਦ ਸਿੰਘ ਨੂੰ ਆਪਣੀ ਕਮਜ਼ੋਰੀ ਦਾ ਅਹਿਸਾਸ ਹੋਇਆ। ਉਹ ਜੇ ਥੋੜ੍ਹਾ ਕਰੜਾ ਹੋ ਕੇ ਡਾਕਟਰਾਂ ਨੂੰ ਕਹਿ ਦਿੰਦਾ ਕਿ ਉਹ ਮਾਤਾ ਜੀ ਦਾ ਇਲਾਜ ਪ੍ਰਾਈਵੇਟ ਤੌਰ ਤੇ ਕਰਵਾ ਸਕਦੇ ਸਨ, ਤਾਂ ਡਾਕਟਰ ਧੱਕੇ ਨਾਲ ਤਾਂ ਦਾਖ਼ਲ ਨਹੀਂ ਕਰ ਸਕਦੇ ਸੀ।"

"ਹੁਣ ਕੌਣ ਏ ਮਾਤਾ ਜੀ ਕੋਲ ?" ਜਸਵੰਤ ਸਿੰਘ ਨੇ ਪੁੱਛਿਆ।

"ਛੋਟੂ ਨੂੰ ਛੱਡ ਕੇ ਆਇਆਂ ਉਹਨਾਂ ਕੋਲ।"

"ਤੁਸੀਂ ਵੀ ਕਮਾਲ ਕਰਦੇ ਓ ਵੀਰ ਜੀ ! ਹੁਣ ਭਲਾ ਬੱਚਿਆਂ ਨੂੰ ਸਕੂਲੋਂ ਕੌਣ ਲੈ ਕੇ ਆਵੇਗਾ ?"

ਜਸਵੰਤ ਸਿੰਘ ਤਾਂ ਦੁਕਾਨ ਤੋਂ ਉੱਠ ਕੇ ਘਰ ਰੋਟੀ ਖਾਣ ਆਇਆ ਸੀ। ਅੱਜ ਉਹਨੂੰ ਭੁੱਖ ਵੀ ਕੁਝ ਜਲਦੀ ਲੱਗ ਗਈ ਸੀ। ਪਰ ਹੁਣ ਤਾਂ ਰੋਟੀ ਦਾ ਸਾਰਾ ਮਜ਼ਾ ਕਿਰਕਿਰਾ ਹੋ ਗਿਆ ਸੀ।

ਹਰਚੰਦ ਸਿੰਘ ਨੇ ਹੁਕਮ ਦਾਗਦਿਆਂ ਆਖਿਆ, "ਅੱਜ ਤੂੰ ਆਪ ਈ ਬੱਚਿਆਂ ਨੂੰ ਸਕੂਲੋਂ ਲੈ ਆਵੀਂ। ਬੱਚਿਆਂ ਨੂੰ ਘਰ ਛੱਡ ਕੇ ਫਿਰ ਤੁਸੀਂ ਦੋਵੇਂ ਜਣੇ ਛੋਟੂ ਤੇ ਮਾਤਾ ਜੀ ਦੀ ਰੋਟੀ ਲੈ ਕੇ ਦੋ ਵਜੇ ਹਸਪਤਾਲ ਪਹੁੰਚ ਜਾਇਓ। ਸ਼ਾਮ ਨੂੰ ਚਾਰ ਕੁ ਵਜੇ ਅਸੀਂ ਆ ਜਾਵਾਂਗੇ।"

ਜਸਵੰਤ ਸਿੰਘ ਦੀ ਪਤਨੀ ਬੋਲੀ, "ਤੇ ਰਾਤ ਨੂੰ ਕੌਣ ਰਹੂ ਮਾਤਾ ਜੀ ਕੋਲ ?"

"ਰਾਤ ਨੂੰ ਵਾਰਡ ਵਿੱਚ ਤਾਂ ਜਨਾਨੀ ਈ ਰਹਿ ਸਕਦੀ ਐ ਕੋਲ। ਇਉਂ ਕਰਾਂਗੇ, ਅੱਜ ਦੀ ਰਾਤ ਤਾਂ ਸੁਖਬੀਰ ਰਹਿ ਜਾਏਗੀ ਮਾਤਾ ਜੀ ਕੋਲ।" ਹਰਚੰਦ ਸਿੰਘ ਨੇ ਪ੍ਰੋਗਰਾਮ ਦੱਸ ਦਿੱਤਾ।

ਸਭ ਤੋਂ ਨਿੱਕੀ ਨੂੰਹ ਸੁਖਬੀਰ ਇਕਦਮ ਚੌਂਕੀ, ਸੋਫ਼ੇ ਤੇ ਬੈਠੀ ਉਹ ਹੁਣ ਤਕ ਸਾਰੀ ਵਾਰਤਾਲਾਪ ਸੁਣ ਰਹੀ ਸੀ। ਚੁੱਪ ਰਹਿਣਾ ਉਸ ਨੇ ਸਭ ਤੋਂ ਵਧੀਆ ਸਮਝਿਆ ਸੀ।

"ਮੈਂ 'ਕੱਲੀ ਕਿਵੇਂ ਰਹੂੰ ?" ਉਹ ਥੋੜ੍ਹਾ ਜਿਹਾ ਖਿਝ ਕੇ ਬੋਲੀ।

"ਕੱਲੀ ਕਿਉਂ ਰਹਿਣੈਂ ? ਹਰਨਾਮ ਨਾਲ ਜਾਏਗਾ । ਦਵਾਈ ਵਗੈਰਾ ਲਿਆਉਣ ਲਈ ਬਾਹਰ ਕਿਸੇ ਆਦਮੀ ਨੂੰ ਵੀ ਤਾਂ ਰਹਿਣਾ ਈ ਪੈਣੈਂ ।" ਹਰਚੰਦ ਸਿੰਘ ਦੇ ਸ਼ਬਦਾਂ ਅੱਗੇ ਸੁਖਬੀਰ ਕੁਝ ਨਾ ਕਹਿ ਸਕੀ । ਉਹ ਸਾਰੇ ਉਸ ਤੋਂ ਵੱਡੇ ਸਨ । ਛੇ ਮਹੀਨੇ ਅਜੇ ਉਹਨਾਂ ਦੇ ਵਿਆਹ ਨੂੰ ਹੋਏ ਸਨ । ਅੱਜ ਤਾਂ ਉਹਨਾਂ ਨੇ ਸੱਤ ਵਜੇ ਸ਼ਾਮੀਂ ਘੁੰਮਣ-ਫਿਰਨ ਦਾ ਪ੍ਰੋਗਰਾਮ ਬਣਾਇਆ ਹੋਇਆ ਸੀ ।

ਸੁਖਬੀਰ ਅੰਦਰੋਂ-ਅੰਦਰੀਂ ਕੁੜ੍ਹ ਰਹੀ ਸੀ ।

"ਸਾਡਾ ਕੋਈ ਖ਼ਿਆਲ ਈ ਨਹੀਂ ਇਨ੍ਹਾਂ ਨੂੰ । ਢੱਠਿਓ, ਆਪ ਤਾਂ ਤੁਸੀਂ ਖਾ-ਹੰਢਾ ਲਿਐ । ਤੁਸੀਂ ਰਹੋ ਮਾਤਾ ਜੀ ਕੋਲ । ਸਾਡਾ ਸਾਰਾ ਪ੍ਰੋਗਰਾਮ ਖ਼ਰਾਬ ਕਰ ਦਿੱਤੈ ।" ਉਹ ਬੁੜਬੁੜ ਕਰੀ ਜਾ ਰਹੀ ਸੀ ।

ਜਸਵੰਤ ਸਿੰਘ ਨੇ ਸਕੂਟਰ ਬਾਹਰ ਕੱਢਿਆ । ਤਿੰਨ ਬੱਚਿਆਂ ਨੂੰ ਸਕੂਲੋਂ ਲੈ ਕੇ ਆਉਣਾ ਸੀ । ਸਕੂਲ ਹੈ ਤਾਂ ਨੇੜੇ ਈ ਸੀ । ਅੱਗੇ ਤਾਂ ਛੋਟੂ ਨੌਕਰ ਦੀ ਇਹ ਡਿਊਟੀ ਸੀ । ਉਹਨਾਂ ਨੂੰ ਤਾਂ ਪਤਾ ਈ ਨਹੀਂ ਸੀ ਲੱਗਦਾ, ਕਦੋਂ ਬੱਚੇ ਸਕੂਲ ਚਲੇ ਜਾਂਦੇ ਅਤੇ ਕਦੋਂ ਆ ਜਾਂਦੇ । ਛੋਟੂ ਜਾਣੇ ਜਾਂ ਉਹਦਾ ਕੰਮ ।

ਉਂਜ ਜਸਵੰਤ ਸਿੰਘ ਨੂੰ ਹੌਸਲਾ ਸੀ । ਬੱਸ, ਬੱਚੇ ਲਿਆ ਕੇ ਉਸ ਨੇ ਘਰਵਾਲੀ ਨਾਲ ਲਿਜਾ ਕੇ ਰੋਟੀ ਦੇ ਆਉਣੀ ਸੀ । ਘੰਟੇ-ਦੋ ਘੰਟੇ ਬਾਅਦ ਵੱਡੇ ਭਰਾ ਹਰਚੰਦ ਸਿੰਘ ਨੇ ਆ ਜਾਣਾ ਸੀ । ਰਾਤ ਨੂੰ ਤਾਂ ਜ਼ੁੰਮੇਵਾਰੀ ਹੁਣ ਹਰਨਾਮ ਦੀ ਹੀ ਸੀ ।

ਮਾਤਾ ਜੀ ਨੂੰ ਪਤੀ ਦੇ ਜਿਊਂਦਿਆਂ ਨੂੰਹਾਂ-ਪੁੱਤਾਂ ਦੀ ਕੋਈ ਪਰਵਾਹ ਨਹੀਂ ਸੀ । ਤਿੰਨ ਮਹੀਨੇ ਪਹਿਲਾਂ ਉਹਨਾਂ ਦਾ ਪਤੀ ਦਿਲ ਦੇ ਦੌਰੇ ਨਾਲ ਅਚਾਨਕ ਚੱਲ ਵੱਸਿਆ ਸੀ ।

ਇਨ੍ਹਾਂ ਤਿੰਨ ਮਹੀਨਿਆਂ ਵਿੱਚ ਹੀ ਮਾਤਾ ਜੀ ਦਿਨ-ਬ-ਦਿਨ ਕਮਜ਼ੋਰ ਹੁੰਦੇ ਗਏ ਸਨ । ਪਹਿਲਾਂ ਇਕ ਗੋਲੀ ਖਾ ਕੇ ਸਾਹ ਠੀਕ ਹੋ ਜਾਂਦਾ ਸੀ । ਫਿਰ ਗੱਲ ਟੀਕੇ ਤੇ ਆ ਗਈ । ਟੀਕਾ ਲੱਗਦਾ ਤਾਂ ਸਾਹ ਟਿਕਦਾ । ਪਰ ਹੁਣ ਤਾਂ ਟੀਕੇ ਵੀ ਬੇਅਸਰ ਹੁੰਦੇ ਜਾ ਰਹੇ ਸਨ । ਇਸੇ ਕਰਕੇ ਟੀਕੇ ਲਗਾਉਣ ਵਾਲੇ ਡਾਕਟਰ ਨੇ ਉਹਨਾਂ ਨੂੰ ਹਸਪਤਾਲ ਭੇਜ ਦਿੱਤਾ ਸੀ ।

ਹਰਚੰਦ ਸਿੰਘ ਅਤੇ ਜਸਵੰਤ ਸਿੰਘ ਦੀਆਂ ਘਰ ਵਾਲੀਆਂ ਰੋਟੀ-ਟੁੱਕ ਦੇ ਆਹਰ ਵਿੱਚ ਲੱਗ ਗਈਆਂ ਸਨ । ਅੱਗੇ ਤਾਂ ਬਹੁਤਾ ਕੰਮ ਛੋਟੂ ਈ ਕਰ ਲੈਂਦਾ ਸੀ । 'ਛੋਟੂ ਦਾ ਉਹਨਾਂ ਨੂੰ ਕਿੰਨਾ ਸੁਖ ਐ' ਇਸ ਗੱਲ ਦਾ ਅਹਿਸਾਸ ਉਹਨਾਂ ਨੂੰ ਅੱਜ ਪਹਿਲੀ ਵਾਰ ਹੋਇਆ ਸੀ ।

ਸੁਖਬੀਰ ਇੱਧਰ-ਉੱਧਰ ਘੁੰਮ ਰਹੀ ਸੀ । ਉਹਦਾ ਮਨ ਟਿਕ ਨਹੀਂ ਰਿਹਾ ਸੀ । ਉਹਨੂੰ ਸਾਰਿਆਂ 'ਤੇ ਗ਼ੁੱਸਾ ਆ ਰਿਹਾ ਸੀ । ਸਭ ਤੋਂ ਵੱਧ ਉਹ ਪਤੀ 'ਤੇ ਖ਼ਫ਼ਾ ਸੀ । 'ਝਾਊਂ' ਜਿਹੇ ਬਣੇ ਰਹਿੰਦੇ ਐ । ਅਖੇ ਵੱਡੇ ਭਰਾ ਐ । ਵੱਡੇ ਭਰਾ ਭਾਵੇਂ ਸਿਰ 'ਚ ਗਲੀਆਂ ਕਰੀ ਜਾਣ । ਆਪ ਤਾਂ ਜਿਵੇਂ ਇਹ ਹਨੀਮੂਨ 'ਤੇ ਆਏ ਹੋਏ ਐ । ਅਖੇ ਰਾਤ ਤੁਸੀਂ ਹਸਪਤਾਲ ਰਹੋ, ਸ਼ਰਮ ਨਹੀਂ ਆਉਂਦੀ ਇਨ੍ਹਾਂ ਨੂੰ । ਚਾਰ ਦਿਨ ਅਜੇ ਸਾਡੇ ਵਿਆਹ ਨੂੰ ਨਹੀਂ ਹੋਏ ।'

ਜਸਵੰਤ ਸਿੰਘ ਬੱਚਿਆਂ ਨੂੰ ਛੱਡ ਰੋਟੀ ਲੈ ਕੇ ਆਪਣੀ ਪਤਨੀ ਸਮੇਤ ਹਸਪਤਾਲ ਨੂੰ ਚਲਾ ਗਿਆ ਸੀ । ਹਰਚੰਦ ਸਿੰਘ ਦੁਕਾਨ 'ਤੇ ਜਾ ਕੇ ਹਰਨਾਮ ਨੂੰ ਸਾਰੀ ਗੱਲਬਾਤ ਸਮਝਾ ਆਇਆ ਸੀ । ਏਨੀ ਵੱਡੀ ਦੁਕਾਨ ਸਿਰਫ਼ ਨੌਕਰਾਂ ਤੇ ਉਹ ਨਹੀਂ ਛੱਡ ਸਕਦੇ ਸੀ । ਵਾਰੀ-ਵਾਰੀ ਦੁਕਾਨ 'ਤੇ ਬੈਠਿਆ ਜਾ ਸਕਦਾ ਸੀ । ਚਾਰ ਵਜੇ ਚਾਹ ਪੀ ਕੇ ਹਰਚੰਦ ਅਤੇ ਉਹਦੀ ਘਰਵਾਲੀ ਹਸਪਤਾਲ ਜਾਣ ਲਈ ਤਿਆਰ ਹੋ ਗਏ ਸਨ । ਸੁਖਬੀਰ ਨੇ ਅੱਜ ਗ਼ੁੱਸੇ ਵਿੱਚ ਚਾਹ ਵੀ ਨਹੀਂ ਪੀਤੀ ਸੀ ।

ਹਰਚੰਦ ਸਿੰਘ ਦੀ ਘਰਵਾਲੀ ਦਾ ਚਿਹਰਾ ਵੀ ਪੀਲਾ ਹੋਇਆ ਪਿਆ ਸੀ । 'ਮਾਤਾ ਜੀ ਨੂੰ ਦਾਖ਼ਲ ਕਰਾ ਕੇ ਇਨ੍ਹਾਂ ਨੇ ਮੁਸੀਬਤ ਈ ਸਹੇੜ ਲਈ ਐ । ਸੁਖਬੀਰ ਅੱਡ ਔਖੀ ਹੋਈ ਬੈਠੀ ਐ ।' ਉਹ ਸੋਚੀ ਜਾ ਰਹੀ ਸੀ ।

ਗੇਟ ਤੋਂ ਅਜੇ ਉਹ ਬਾਹਰ ਨਿਕਲ ਹੀ ਰਹੇ ਸਨ ਕਿ ਸੁਖਬੀਰ ਅੰਦਰੋਂ ਦੌੜੀ ਹੋਈ ਆਈ ।

"ਭੈਣ ਜੀ, ਹਸਪਤਾਲ ਤੋਂ ਫ਼ੋਨ ਆਇਐ, ਭਾ ਜੀ ਦਾ । ਮਾਤਾ ਜੀ ਗੁਜ਼ਰ ਗਏ ਹਨ ।"

ਹਰਚੰਦ ਸਿੰਘ ਨੇ ਸਕੂਟਰ ਅੰਦਰ ਕਰ ਦਿੱਤਾ । ਗੈਰੇਜ ਵਿੱਚ ਖੜ੍ਹੀ ਕਾਰ ਬਾਹਰ ਕੱਢ ਲਈ ।

"ਬੱਚਿਆਂ ਕੋਲ ਨਾਲ ਵਾਲੇ ਆਂਟੀ ਜੀ ਰਹਿ ਜਾਣਗੇ । ਮੈਂ ਵੀ ਤੁਹਾਡੇ ਨਾਲ ਈ ਜਾਵਾਂਗੀ । ਆਪਾਂ ਜਾਂਦੇ ਹੋਏ ਇਨ੍ਹਾਂ ਨੂੰ ਵੀ ਦੁਕਾਨ ਤੋਂ ਲੈਂਦੇ ਚੱਲੀਏ । ਨਾਲੇ ਦੁਕਾਨ ਬੰਦ ਕਰਵਾ ਦੇਈਏ ।....ਮਾਤਾ ਜੀ ਕਿੰਨੇ ਚੰਗੇ ਸਨ ।"

ਸੁਖਬੀਰ ਬੋਲਦੀ-ਬੋਲਦੀ ਡੁਸਕਣ ਲੱਗ ਪਈ ਸੀ । "ਚੁੱਪ ਕਰ ਸੁਖਬੀਰ ! ਦੇਖ ਲੈ, ਮਾਤਾ ਜੀ ਨੇ ਆਪਾਂ ਨੂੰ ਇਕ ਰਾਤ ਵੀ ਹਸਪਤਾਲ ਵਿੱਚ ਕੱਟਣ ਦੀ ਤਕਲੀਫ਼ ਨਹੀਂ ਦਿੱਤੀ ।" ਹਰਚੰਦ ਸਿੰਘ ਦੀ ਘਰਵਾਲੀ ਸੁਖਬੀਰ ਨੂੰ ਫੜ ਕੇ ਕਾਰ ਵਿੱਚ ਬਿਠਾਉਂਦਿਆਂ ਕਹਿ ਰਹੀ ਸੀ ।

*36-ਬੀ, ਰਤਨ ਨਗਰ, ਤ੍ਰਿਪੜੀ, ਪਟਿਆਲਾ ।*

**ਬਾਲ ਕਹਾਣੀ**

# ਤਿੰਨ ਰੁਪਏ

**ਤਰਸੇਮ**

ਰਸ਼ੀਦ ਛੇਵੀਂ ਜਮਾਤ ਦਾ ਵਿਦਿਆਰਥੀ ਸੀ। ਉਹ ਕਿਸੇ ਨਾਲ ਵੀ ਗੱਲ ਕਰਦਾ ਤਾਂ ਬੜੇ ਧਿਆਨ ਨਾਲ ਉਸ ਦਾ ਉੱਤਰ ਦਿੰਦਾ ਅਤੇ ਦੂਜਿਆਂ ਦੀਆਂ ਗੱਲਾਂ ਨੂੰ ਵੀ ਬੜੇ ਧਿਆਨ ਨਾਲ ਸੁਣਦਾ।

ਇਕ ਦਿਨ ਉਦਾਸ ਜਿਹਾ ਸਕੂਲੋਂ ਘਰ ਆਇਆ। ਸੁਸਤ ਜਿਹਾ ਦੇਖ ਕੇ ਅੱਬੂ ਨੇ ਪੁੱਛਿਆ,

"ਕੀ ਹੋਇਆ ਰਸ਼ੀਦ, ਚੁੱਪ-ਚੁੱਪ ਕਿਉਂ ਹੈਂ ? ਕਿਸੇ ਬੱਚੇ ਨਾਲ ਕੋਈ ਝਗੜਾ ਤਾਂ ਨਹੀਂ ਹੋਇਆ ?" ਹਾਲਾਂਕਿ ਉਸ ਨੂੰ ਪਤਾ ਸੀ ਕਿ ਰਸ਼ੀਦ ਕਦੇ ਕੋਈ ਲੜਾਈ-ਝਗੜਾ ਨਹੀਂ ਕਰਦਾ।"

"ਨਹੀਂ ਝਗੜਾ ਤਾਂ ਨਹੀਂ ਹੋਇਆ।" ਰਸ਼ੀਦ ਨੇ ਕਮਰੇ ਅੰਦਰ ਵੜਦਿਆਂ ਕਿਹਾ।

"ਕਿਸੇ ਅਧਿਆਪਕ ਨੇ ਝਿੜਕਿਆ ?" ਅੱਬੂ ਵੀ ਪਿੱਛੇ ਹੀ ਕਮਰੇ 'ਚ ਆ ਗਏ।

"ਨਹੀਂ...।" ਰਸ਼ੀਦ ਨੇ ਮੰਜੇ 'ਤੇ ਬੈਠਦਿਆਂ ਢਿੱਲੀ ਜਿਹੀ ਆਵਾਜ਼ 'ਚ ਕਿਹਾ।

"ਕਿਸੇ ਬੱਚੇ ਨਾਲ ਝਗੜਿਆ ਨਹੀਂ, ਕਿਸੇ ਅਧਿਆਪਕ ਨੇ ਝਿੜਕਿਆ ਵੀ ਨਹੀਂ। ਫੇਰ ਮੂੰਹ ਕਿਉਂ ਲਟਕਾਇਆ ਹੈ ?" ਅੱਬੂ ਨੇ ਜ਼ਰਾ ਤਲਖ਼ੀ ਨਾਲ ਕਿਹਾ।

"ਦੇਖੋ ਨਾ ਅੱਬੂ, ਮੈਂ ਕੱਲ੍ਹ ਕੁਝ ਕਾਪੀਆਂ, ਕਵਰ, ਪੈਨਸਿਲ ਅਤੇ ਰਬੜ ਲੈ ਕੇ ਆਇਆ..."

ਅੱਛਾ!" ਅੱਬੂ ਨੇ ਵਿੱਚੋਂ ਹੀ ਉਤਸੁਕਤਾ ਨਾਲ ਪੁੱਛਿਆ।

"ਬਿਲਕੁਲ...ਇਹੀ ਚੀਜ਼ਾਂ ਰਾਜੂ ਵੀ ਲੈ ਕੇ ਆਇਆ। ਇੱਕੋ ਦੁਕਾਨ, ਇੱਕੋ ਜਿਹੀਆਂ ਚੀਜ਼ਾਂ, ਪਰ ਕੀਮਤ 'ਚ ਫ਼ਰਕ!" ਰਸ਼ੀਦ ਨੇ ਅੱਬੂ ਵੱਲ ਵੇਖਦਿਆਂ ਕਿਹਾ।

"ਚੀਜ਼ਾਂ ਦੀ ਕੁਆਲਿਟੀ 'ਚ ਫ਼ਰਕ ਹੋਵੇਗਾ!" ਅੰਬੂ ਨੇ ਰਸ਼ੀਦ ਨੂੰ ਸਮਝਾਉਂਦਿਆਂ ਕਿਹਾ।

"ਨਹੀਂ ਅੱਬੂ, ਬਿਲਕੁਲ ਉਹੀ ?" ਰਸ਼ੀਦ ਨੇ ਕਿਹਾ।

"ਕਿੰਨਾ ਫ਼ਰਕ ਆਇਆ ?" ਅੱਬੂ ਨੇ ਝੂਠ-ਮੂਠ ਗੰਭੀਰ ਹੁੰਦਿਆਂ ਕਿਹਾ।

"ਤਿੰਨ ਰੁਪਏ...।" ਰਸ਼ੀਦ ਨੇ ਉਂਗਲਾਂ ਤੇ ਹਿਸਾਬ ਲਾ ਕੇ ਦੱਸਿਆ।

"ਸਿਰਫ਼ ਤਿੰਨ ਰੁਪਏ!" ਮਤਲਬ ਤੈਨੂੰ ਰਾਜੂ ਨਾਲੋਂ ਤਿੰਨ ਰੁਪਏ ਵੱਧ ਦੇਣੇ ਪਏ।" ਅੱਬੂ ਨੇ ਹੱਸਦਿਆਂ ਕਿਹਾ।

"ਹੱਸਦੇ ਹੋ ?" ਤੁਸੀਂ ਆਪ ਹੀ ਤਾਂ ਕਹਿੰਦੇ ਹੋ, ਪੈਸੇ ਬੜੀ ਮਿਹਨਤ ਨਾਲ ਕਮਾਏ ਜਾਂਦੇ ਹਨ।" ਰਸ਼ੀਦ ਨੇ ਅੱਬੂ ਵੱਲ ਵੇਖਦਿਆਂ ਕਿਹਾ।

"ਫੇਰ ਵੱਧ ਪੈਸੇ ਕਿਉਂ ਦਿੱਤੇ ਜਾਣ ?" ਆਪਣੇ ਅੱਬੂ ਨੂੰ ਚੁੱਪ ਦੇਖ ਕੇ ਰਸ਼ੀਦ ਬੋਲਿਆ।

"ਬਿਲਕੁਲ ਨਹੀਂ ਵੱਧ ਦੇਣੇ ਚਾਹੀਦੇ, ਪਰ ਰਸ਼ੀਦ ਇਸ ਵਿੱਚ ਤੇਰਾ ਵੀ ਕਸੂਰ ਹੋਵੇਗਾ।" ਅੱਬੂ ਰਸ਼ੀਦ ਵੱਲ ਗੰਭੀਰਤਾ ਨਾਲ ਦੇਖ ਰਿਹਾ ਸੀ।

"ਕਸੂਰ..., ਮੇਰਾ..., ਕਿਉਂ ?" ਰਸ਼ੀਦ ਨੇ ਬੜੀ ਹੈਰਾਨੀ ਨਾਲ ਕਿਹਾ।

"ਕਿਉਂਕਿ ਤੂੰ ਹੋਰ ਕਿਤਾਬਾਂ ਵਾਲੀਆਂ ਦੁਕਾਨਾਂ ਤੋਂ ਚੀਜ਼ਾਂ ਦੀ ਕੀਮਤ ਬਾਰੇ ਪੁੱਛਗਿੱਛ ਨਹੀਂ ਕੀਤੀ ਹੋਵੇਗੀ ?" ਅੱਬੂ ਨੇ ਰਸ਼ੀਦ ਨੂੰ ਸਵਾਲ ਕੀਤਾ।

"ਨਹੀਂ, ਮੈਂ ਕਿਸੇ ਹੋਰ ਦੁਕਾਨ ਤੋਂ ਕੀਮਤ ਪਤਾ ਨਹੀਂ ਕੀਤੀ।" ਰਸ਼ੀਦ ਨੇ ਨੀਵੀਂ ਜਿਹੀ ਪਾ ਕੇ ਹੌਲੀ ਜਿਹੀ ਕਿਹਾ।

"ਇਸੇ ਲਈ ਉਸ ਦੁਕਾਨਦਾਰ ਨੇ ਤੈਨੂੰ ਚੀਜ਼ ਮਹਿੰਗੀ ਲਾਈ ਅਤੇ ਰਾਜੂ ਨੂੰ ਸਸਤੀ।" ਅੱਬੂ ਨੇ ਰਸ਼ੀਦ ਨੂੰ ਸਮਝਾਉਂਦਿਆਂ ਕਿਹਾ।

"ਬੇਟੇ ਤੁਰ-ਫਿਰ ਕੇ ਚੀਜ਼ਾਂ ਦੀ ਕੀਮਤ ਦਾ ਪਹਿਲਾਂ ਪਤਾ ਕਰਨਾ ਚਾਹੀਦਾ ਹੈ, ਫੇਰ ਜਿੱਥੋਂ ਚੀਜ਼ ਸਹੀ ਅਤੇ ਠੀਕ ਕੀਮਤ 'ਤੇ ਮਿਲੇ, ਉੱਥੋਂ ਖ਼ਰੀਦਣੀ ਚਾਹੀਦੀ ਹੈ।" ਅੱਬੂ ਨੇ ਰਸ਼ੀਦ ਦੀ ਪਿੱਠ 'ਤੇ ਹੱਥ ਫੇਰਦਿਆਂ ਕਿਹਾ।

*(ਬਾਕੀ ਅਗਲੇ ਸਫ਼ੇ 'ਤੇ)*

**ਜਨਮ ਦਿਵਸ 'ਤੇ ਵਿਸ਼ੇਸ਼**

# ਦੋ ਕਵਿਤਾਵਾਂ/ਪੂਰਨ ਸਿੰਘ

## (i) ਪੰਜਾਬ ਦੇ ਮਜ਼ੂਰ

ਓਏ! ਮਜ਼ੂਰ ਚੰਗੇ ਲੱਗਦੇ।
ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,
ਉਨ੍ਹਾਂ ਵਿੱਚ ਢਲੀਆਂ ਇਨ੍ਹਾਂ ਦੀਆਂ ਜ਼ਿੰਦਗੀਆਂ,
ਸਾਦੇ ਸਾਦੇ ਚਿਹਰੇ, ਬੇਨਿਕਾਬ ਜਿਹੇ,
ਨ ਛੁਪਦੇ ਨ ਛੁਪਾਂਦੇ ਕੁਝ ਆਪਣਾ।
ਨੰਗੇ ਨੰਗੇ ਦਿਲ ਇਨ੍ਹਾਂ ਦੇ,
ਭੋਲੇ-ਭਾਲੇ ਲੋਕ ਤੇ ਆਲੀਆਂ-ਭੋਲੀਆਂ ਗੱਲਾਂ!
ਇਨ੍ਹਾਂ ਦੀ ਗ਼ਰੀਬੀ ਨਿੱਕੀ,
ਇਨ੍ਹਾਂ ਦਾ ਸੰਤੋਖ ਵੱਡਾ,
ਇਹ ਠੰਢੇ ਪਾਣੀ ਵਾਂਗ,
ਮੇਰੇ ਜੀ ਨੂੰ ਠਾਰਦੇ।

## (ii) ਪੰਜਾਬ ਦੇ ਦਰਿਆ

ਰਾਵੀ ਸੁਹਣੀ ਪਈ ਵਗਦੀ।
ਮੈਨੂੰ ਸਤਲੁਜ ਪਿਆਰਾ ਹੈ,
ਮੈਨੂੰ ਬਿਆਸ ਪਈ ਖਿੱਚਦੀ,
ਮੈਨੂੰ ਝਨਾਂ 'ਵਾਜਾਂ ਮਾਰਦੀ,
ਮੈਨੂੰ ਜੇਹਲਮ ਪਿਆਰਦਾ,


ਪ੍ਰੋਫੈਸਰ ਪੂਰਨ ਸਿੰਘ ਜੀ

ਅਟਕਾਂ ਦੀ ਲਹਿਰਾਂ ਦੀ ਠਾਠ
ਮੇਰੇ ਬੂਹੇ 'ਤੇ ਵੱਜਦੀ।
ਖਾੜ ਖਾੜ ਚਲਣ ਵਿੱਚ ਮੇਰੇ ਸੁਫ਼ਨਿਆਂ,
ਪੰਜਾਬ ਦੇ ਦਰਿਆ,
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ,
ਠੰਢੇ ਤੇ ਠਾਰਦੇ, ਪਿਆਰਦੇ।

***('ਖੁੱਲ੍ਹੇ ਮੈਦਾਨ' ਵਿੱਚੋਂ ਸਾਭਾਰ)***

---

*(ਸਫ਼ਾ 16 ਦਾ ਬਾਕੀ)*

"ਪਰ ਵਿਸ਼ਵਾਸ ਵੀ ਤਾਂ ਕੋਈ ਚੀਜ਼ ਹੁੰਦੀ ਹੈ ਰਸ਼ੀਦ ਦੇ ਅੱਬਾ," ਰਸ਼ੀਦ ਦੀ ਅੰਮੀ ਨੇ ਅੰਦਰ ਆਉਂਦਿਆਂ ਕਿਹਾ, ਜੋ ਉਨ੍ਹਾਂ ਦੀਆਂ ਗੱਲਾਂ ਸੁਣ ਰਹੀ ਸੀ।

"ਰਸ਼ੀਦ ਠੀਕ ਕਹਿ ਰਿਹਾ ਹੈ ਤੇਰਾ ਅੱਬਾ। ਇਹ ਤਾਂ ਤੁਸੀਂ ਤੋਲ-ਮੋਲ ਕਰਨਾ ਹੁੰਦਾ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਤੁਹਾਨੂੰ ਚੀਜ਼ ਦੀ ਕੀਮਤ ਦਾ ਪਹਿਲਾਂ ਤੋਂ ਗਿਆਨ ਹੈ?" ਰਸ਼ੀਦ ਦੇ ਦਾਦਾ ਜੀ ਨੇ ਰਸ਼ੀਦ ਦੇ ਅੱਬਾ ਦੀ ਗੱਲ ਨੂੰ ਦੁਹਰਾਇਆ।

"ਤੁਸੀਂ ਠੀਕ ਆਖਦੇ ਹੋ। ਰਾਜੂ ਚੀਜ਼ ਖ਼ਰੀਦਣ ਤੋਂ ਪਹਿਲਾਂ ਕਈ ਦੁਕਾਨਾਂ 'ਤੇ ਜਾਂਦਾ ਹੈ, ਫੇਰ ਚੀਜ਼ ਖ਼ਰੀਦਦਾ ਹੈ।" ਰਸ਼ੀਦ ਨੇ ਉਤਸੁਕਤਾ ਨਾਲ ਕਿਹਾ।

ਰਸ਼ੀਦ ਚਾਣਚੱਕ ਉੱਠਿਆ, ਜਿਵੇਂ ਕੁਝ ਯਾਦ ਆ ਗਿਆ ਹੋਵੇ ਅਤੇ ਚੀਜ਼ਾਂ ਵਾਲਾ ਲਿਫ਼ਾਫ਼ਾ ਲੈ ਕੇ ਬਾਹਰ ਨਿਕਲ ਗਿਆ।

"ਅੱਬੂ ਆਹ ਲਓ ਤਿੰਨ ਰੁਪਏ।" ਰਸ਼ੀਦ ਕੁਝ ਦੇਰ ਬਾਅਦ ਘਰ ਆਇਆ ਅਤੇ ਸਾਰਿਆਂ ਵੱਲ ਦੇਖ ਕੇ ਖ਼ੁਸ਼ ਹੁੰਦਿਆਂ ਕਿਹਾ।

"ਤਿੰਨ ਰੁਪਏ ਦੀ ਕੀ ਗੱਲ ਸੀ ਪੁੱਤ।" ਐਵੇਂ ਭੁੱਖਣ-ਭਾਣੇ ਤੁਰਿਆ ਫਿਰਦੈਂ। ਜਦੋਂ ਦਾ ਸਕੂਲੋਂ ਆਇਆ, ਪਾਣੀ ਦਾ ਘੁੱਟ ਵੀ ਨਹੀਂ ਪੀਤਾ।"

"ਨਹੀਂ, ਰਸ਼ੀਦ ਦੀ ਅੰਮੀ, ਇਹ ਤਿੰਨ ਰੁਪਏ ਹੀ ਨਹੀਂ, ਇਹ ਤਾਂ ਜੀਵਨ-ਜਾਚ ਹੈ।" ਰਸ਼ੀਦ ਦੇ ਦਾਦਾ ਜੀ ਅਤੇ ਅੱਬੂ ਇਕੱਠੇ ਹੀ ਬੋਲੇ।

***(ਬਾਲ ਕਹਾਣੀ ਸੰਗ੍ਰਹਿ 'ਤਿੰਨ ਰੁਪਏ' ਵਿੱਚੋਂ ਧੰਨਵਾਦ ਸਹਿਤ)***

ਜਨਮ ਦਿਵਸ 'ਤੇ ਵਿਸ਼ੇਸ਼

# ਇਮਰੋਜ਼ ਬਾਰੇ (ਕਵਿਤਾ)

ਖੇਤਾਂ ਵਿੱਚ ਖੇਡਣ ਦੇ ਬਾਅਦ
ਰੰਗਾਂ ਨਾਲ ਖੇਡਣ ਲਈ
ਮੈਂ ਲਾਹੌਰ ਦੇ ਆਰਟ ਸਕੂਲ ਪਹੁੰਚ ਗਿਆ
ਕੁਝ ਬਣਨ ਕੁਝ ਨਾ ਬਣਨ ਤੋਂ ਬੇਫ਼ਿਕਰ
ਤਿੰਨ ਸਾਲ ਆਰਟ ਸਕੂਲ ਵਿੱਚ
ਮੈਂ ਰੰਗਾਂ ਨਾਲ ਖੂਬ ਖੇਡਿਆ...

ਜੋ ਕੁਝ ਹੋ ਚੁੱਕਾ ਹੈ
ਉਸ ਨੂੰ ਦੋਹਰਾਣ ਵਿੱਚ
ਮੇਰੀ ਕੋਈ ਦਿਲਚਸਪੀ ਨਹੀਂ
ਕੁਝ ਨਵੇਂ ਦੀ ਤਲਾਸ਼ ਵਿੱਚ ਰਹਿੰਦਾ ਵਾਂ...
ਇੰਤਜ਼ਾਰ ਵੀ ਕਰਦਾ ਵਾਂ...
ਮੇਰੇ ਲਈ ਜ਼ਿੰਦਗੀ ਇਕ ਖੇਲ੍ਹ ਹੈ
ਤੇ ਮੈਂ ਆਪਣੇ ਬਿਸਟ ਨਾਲ
ਜ਼ਿੰਦਗੀ ਦੀ ਖ਼ੂਬਸੂਰਤੀ ਨਾਲ
ਅਕਸਰ ਖੇਡਦਾ ਰਹਿੰਦਾ ਵਾਂ...

ਆਰਟ ਸਕੂਲ ਦੇ ਬਾਅਦ
ਜ਼ਿੰਦਗੀ ਦੇ ਸਕੂਲ ਵਿੱਚ ਵੀ
ਮੇਰਾ ਰੰਗਾਂ ਨਾਲ ਖੇਡਣਾ ਜਾਰੀ ਰਿਹਾ
ਕਦੇ ਸਿਨਮਿਆਂ ਦੇ ਬੈਨਰਾਂ ਦੇ ਰੰਗਾਂ ਨਾਲ
ਤੇ ਕਦੇ ਫ਼ਿਲਮਾਂ ਦੇ ਪੋਸਟਰਾਂ ਦੇ ਰੰਗਾਂ ਨਾਲ
ਖੇਡ ਚਲਦੀ ਰਹੀ...

ਇਕ ਦੌਰ ਕੈਲੀਗਰਾਫ਼ੀ ਦਾ ਵੀ ਆਇਆ
ਉਰਦੂ ਦੇ ਸ਼ਮਾ ਰਸਾਲੇ ਵਿੱਚ ਕੋਈ ਛੇ ਸਾਲ
ਮੈਂ ਆਪਣੀ ਤਰ੍ਹਾਂ ਦੀ
ਕੈਲੀਗਰਾਫ਼ੀ ਕਰਦਾ ਰਿਹਾ
ਨਾਲ ਨਾਲ ਰੰਗਾਂ ਨਾਲ ਵੀ ਖੇਡਦਾ ਰਿਹਾ –



ਬਹੁਤੀਆਂ ਪੇਂਟਿੰਗ ਹੀ ਬਣੀਆਂ
ਖ਼ਾਸ ਤਰ੍ਹਾਂ ਦੇ ਟੈਕਸਟਾਈਲ
ਡੀਜ਼ਾਈਨ ਵੀ ਤੇ
ਘੜੀਆਂ ਦੇ ਨਵੇਂ ਨਵੇਂ
ਖ਼ੂਬਸੂਰਤ ਡਾਇਲ ਵੀ ਬਣਾਏ
ਤੇ ਜ਼ਿੰਦਗੀ ਵੀ ਚਲਦੀ ਰਹੀ...
ਤੇ ਰੰਗਾਂ ਦੀ ਖੇਡ ਵੀ...

ਇਕ ਉਮਰ ਅੰਮ੍ਰਿਤਾ ਨਾਲ ਰਲ ਕੇ
ਮੁਹੱਬਤ ਤੇ ਆਜ਼ਾਦੀ ਦਾ ਸਤਸੰਗ
ਜ਼ਿੰਦਗੀ ਭਰ ਵੇਖਿਆ
ਤੇ ਜਦੋਂ ਅੰਮ੍ਰਿਤਾ ਰੁੱਖ ਤੋਂ ਬੀਜ ਬਣ ਗਈ
ਇਕ ਨਵਾਂ ਮੌਸਮ ਆ ਗਿਆ
ਅਣਲਿਖੀਆਂ ਨਜ਼ਮਾਂ ਦੇ ਲਿਖਣ ਦਾ ਮੌਸਮ...
ਜੋ ਮੈਂ ਹੁਣ ਲਿਖ ਰਿਹਾ ਵਾਂ....

*ਪੁਸਤਕ 'ਰਿਸ਼ਤਾ' ਵਿੱਚੋਂ ਧੰਨਵਾਦ ਸਹਿਤ*

**ਬਾਲ ਕਹਾਣੀ**

# ਬਸੰਤ ਬੋਲੀ

**ਹਰਿੰਦਰ ਸਿੰਘ ਗੋਗਨਾ**

ਮੀਨੂ ਨੂੰ ਇਕ ਬੁਰੀ ਆਦਤ ਸੀ। ਉਹ ਜਿੱਥੇ ਕਿਤੇ ਵੀ ਕੋਈ ਸੋਹਣਾ ਫੁੱਲ ਵੇਖਦੀ, ਝੱਟ ਟਹਿਣੀ ਤੋਂ ਤੋੜ ਲੈਂਦੀ ਤੇ ਫਿਰ ਕੁਝ ਚਿਰ ਉਸ ਦੀ ਖ਼ੁਸ਼ਬੋ ਮਾਣ ਕੇ ਸੁੱਟ ਦਿੰਦੀ।

ਬਸੰਤ ਰੁੱਤ ਆ ਚੁੱਕੀ ਸੀ। ਮੀਨੂ ਦੇ ਸਾਲਾਨਾ ਪੇਪਰ ਵੀ ਨੇੜੇ ਸਨ। ਉਹ ਕੁਝ ਦਿਨਾਂ ਲਈ ਆਪਣੀ ਮਾਸੀ ਜੀ ਦੇ ਘਰ ਆਈ ਹੋਈ ਸੀ। ਕਿਉਂਕਿ ਉਸ ਦੀ ਮਸੇਰੀ ਭੈਣ ਵੀ ਸੱਤਵੀਂ ਕਲਾਸ ਵਿੱਚ ਹੀ ਪੜ੍ਹਦੀ ਸੀ ਤੇ ਪੜ੍ਹਾਈ ਵਿੱਚ ਕਾਫ਼ੀ ਹੁਸ਼ਿਆਰ ਸੀ। ਦੋਵੇਂ ਮਿਲ ਕੇ ਆਪਸੀ ਸਹਿਯੋਗ ਨਾਲ ਪੇਪਰਾਂ ਦੀ ਤਿਆਰੀ ਚੰਗੀ ਤਰ੍ਹਾਂ ਕਰ ਲੈਣਗੀਆਂ, ਇਸੇ ਲਈ ਉਹ ਇੱਥੇ ਆ ਗਈ।

ਮੀਨੂ ਦੇ ਮਾਸੀ ਜੀ ਦੇ ਘਰ ਦੇ ਨਾਲ ਹੀ ਇਕ ਬਗ਼ੀਚਾ ਸੀ, ਜਿਸ ਵਿੱਚ ਰੰਗ-ਬਰੰਗੇ ਫੁੱਲ ਖਿੜੇ ਹੋਏ ਸਨ। ਮੀਨੂ ਰੋਜ਼ਾਨਾ ਬਗ਼ੀਚੇ ਵਿੱਚ ਆਉਂਦੀ ਤੇ ਕਿੰਨੇ ਹੀ ਫੁੱਲ ਤੋੜ ਲੈਂਦੀ।

ਇਕ ਸਵੇਰ ਜਦੋਂ ਮੀਨੂ ਬਗ਼ੀਚੇ ਵਿੱਚੋਂ ਫੁੱਲ ਤੋੜਨ ਆਈ ਤਾਂ ਕਿਸੇ ਨੇ ਉਸ ਨੂੰ ਕਿਹਾ, "ਮੀਨੂ ਫੁੱਲ ਨਾ ਤੋੜ...।"

"ਕੌਣ...?" ਮੀਨੂ ਨੇ ਇੱਧਰ-ਉੱਧਰ ਨਜ਼ਰ ਦੌੜਾਉਂਦੇ ਕਿਹਾ।

"ਮੈਂ ਹਾਂ ਬਸੰਤ ਰੁੱਤ। ਕਾਫ਼ੀ ਦਿਨ ਤੋਂ ਦੇਖ ਰਹੀ ਹਾਂ। ਤੂੰ ਰੋਜ਼ਾਨਾ ਕਿੰਨੇ ਹੀ ਬੇਕਸੂਰ ਫੁੱਲਾਂ ਨੂੰ ਆਪਣੀ ਪਲ ਭਰ ਦੀ ਖ਼ੁਸ਼ੀ ਵਾਸਤੇ ਟਹਿਣੀ ਤੋਂ ਤੋੜ ਲੈਂਦੀ ਹੈਂ। ਇਹ ਗੱਲ ਠੀਕ ਨਹੀਂ। ਸਮੇਂ ਤੋਂ ਪਹਿਲਾਂ ਹੀ ਫੁੱਲਾਂ ਦੇ ਜੀਵਨ ਦਾ ਅੰਤ ਕਰ ਦੇਣਾ ਪਾਪ ਹੈ। ਫਿਰ ਫੁੱਲ ਤਾਂ ਖਿੜੇ ਹੀ ਚੰਗੇ ਲੱਗਦੇ ਹਨ। ਇਨ੍ਹਾਂ ਨੂੰ ਵੱਧ ਤੋਂ ਵੱਧ ਖਿੜਨਾ ਪਸੰਦ ਹੁੰਦਾ ਹੈ ਤੇ ਜ਼ਿਆਦਾ ਖ਼ੁਸ਼ੀ ਹੁੰਦੀ ਹੈ ਜਦ ਕੋਈ ਇਨ੍ਹਾਂ ਦੀ ਖ਼ੁਸ਼ਬੂ ਮਾਣਦਾ ਹੈ ਇਨ੍ਹਾਂ ਦੀ ਪ੍ਰਸੰਸਾ ਕਰਦਾ ਹੈ। ਟੁੱਟੇ ਫੁੱਲਾਂ ਵਿੱਚੋਂ ਨਾ ਤਾਂ ਮਹਿਕ ਆ ਸਕਦੀ ਹੈ ਤੇ ਨਾ ਹੀ ਉਸ ਦੀ ਕਦਰ ਪੈਂਦੀ ਹੈ। ਉਹ ਟਹਿਣੀ ਤੋਂ ਵੱਖ ਹੁੰਦਿਆਂ ਹੀ ਕੁਮਲਾ ਜਾਂਦੇ ਹਨ ਤੇ ਕੁਰੂਪ ਹੋ ਜਾਂਦੇ ਹਨ।

ਮੀਨੂ ਬੁੱਤ ਜਿਹੀ ਬਣੀ ਬਸੰਤ ਦੀ ਗੱਲ ਧਿਆਨ ਨਾਲ ਸੁਣ ਰਹੀ ਸੀ।

"ਮੀਨੂ ਤੂੰ ਇੱਥੇ ਪੜ੍ਹਨ ਆਈ ਹੈਂ ਨਾ ਤੇ ਇਹ ਵੀ ਉਮੀਦ ਲਗਾਈ ਹੈ ਕਿ ਇਸ ਵਾਰ ਇਮਤਿਹਾਨਾਂ ਵਿੱਚ ਚੰਗੇ ਨੰਬਰ ਲੈਣੇ ਹਨ। ਸੋਚ ਜੇਕਰ ਤੂੰ ਫੇਲ੍ਹ ਹੋ ਗਈ ਤਾਂ ਤੇਰੇ ਦਿਲ 'ਤੇ ਕੀ ਗੁਜ਼ਰੇਗੀ ? ਜਦ ਅਸੀਂ ਕਿਸੇ ਦਾ ਦਿਲ ਦੁਖਾਉਂਦੇ ਹਾਂ ਜਾਂ ਉਹਨਾਂ 'ਤੇ ਕਿਸੇ ਕਿਸਮ ਦਾ ਜ਼ੁਲਮ ਕਰਦੇ ਹਾਂ ਭਾਵੇਂ ਕਿ ਉਹ ਇਨਸਾਨ ਹੋਵੇ ਜਾਂ ਫੁੱਲ-ਪੌਦੇ, ਤਾਂ ਸਾਡਾ ਭਲਾ ਕਿਵੇਂ ਹੋ ਸਕਦਾ ਹੈ ? ਤੂੰ ਸੋਚ ਜਦੋਂ ਤੂੰ ਇਨ੍ਹਾਂ ਫੁੱਲਾਂ ਨੂੰ ਬੇਰਹਿਮੀ ਨਾਲ ਤੋੜ ਲੈਂਦੀ ਹੈਂ ਤਾਂ ਇਹ ਜ਼ਰੂਰ ਮਨ ਵਿੱਚ ਤੈਨੂੰ ਬਦਦੁਆ ਦਿੰਦੇ ਹੋਣਗੇ। ਹੋ ਸਕਦਾ ਹੈ ਇਨ੍ਹਾਂ ਦੇ ਦੁਖਾਏ ਦਿਲ ਦੀ ਹਾਅ ਤੈਨੂੰ ਲੱਗ ਜਾਵੇ, ਤੇ ਤੂੰ ਪ੍ਰੀਖਿਆਵਾਂ ਵਿੱਚ ਫੇਲ੍ਹ...।"

"ਨਹੀਂ ਨਹੀਂ...ਮੈਂ ਫੇਲ੍ਹ ਨਹੀਂ ਹੋਣਾ ਚਾਹੁੰਦੀ।" ਤਦੇ ਮੀਨੂ ਦੇ ਮੂੰਹ ਵਿੱਚੋਂ ਨਿਕਲਿਆ। ਉਸ ਨੂੰ ਬਸੰਤ ਦੀ ਗੱਲ ਦਾ ਅਸਲ ਅਰਥ ਸਮਝ ਆ ਗਿਆ ਸੀ ਤੇ ਨਾਲ ਹੀ ਯਾਦ ਆ ਗਏ ਮਾਂ ਦੇ ਕਹੇ ਬੋਲ, "ਮੀਨੂ ਬੇਟਾ ਕਦੇ ਕਿਸੇ ਦਾ ਦਿਲ ਨਹੀਂ ਦੁਖਾਉਂਦੇ, ਪ੍ਰਮਾਤਮਾ ਸਭ ਵਿੱਚ ਵਸਦਾ ਹੈ।"

ਮੀਨੂ ਨੇ ਬਸੰਤ ਨਾਲ ਵਾਅਦਾ ਕੀਤਾ ਕਿ ਫਿਰ ਕਦੇ ਵੀ ਫੁੱਲਾਂ ਨੂੰ ਨਹੀਂ ਤੋੜੇਗੀ। ਤਦੇ ਉਸ ਨੇ ਦੇਖਿਆ ਕਿ ਬਗ਼ੀਚੇ ਵਿੱਚ ਪਹਿਲੇ ਨਾਲੋਂ ਵੀ ਜ਼ਿਆਦਾ ਫੁੱਲ ਖਿੜ ਆਏ ਸਨ ਤੇ ਡਾਲੀਆਂ ਨਾਲ ਝੂਲ ਰਹੇ ਸਨ। ਜਿਵੇਂ ਮੀਨੂ ਦੀ ਗੱਲ ਸੁਣ ਕੇ ਉਹਨਾਂ ਦੇ ਮਨ ਵਿੱਚੋਂ ਆਪਣੇ ਟੁੱਟਣ ਦਾ ਡਰ ਜਾਂਦਾ ਰਿਹਾ ਸੀ। ਇਹ ਵੇਖ ਕੇ ਮੀਨੂ ਵੀ ਖਿੜ ਗਈ। ਉਸ ਨੇ ਤਾਜ਼ਾ ਖਿੜੇ ਫੁੱਲ ਨੂੰ ਪਿਆਰ ਨਾਲ ਛੋਹਿਆ ਤਾਂ ਉਸ ਨੂੰ ਜਿਵੇਂ ਸੱਚੀ ਖ਼ੁਸ਼ੀ ਦਾ ਅਹਿਸਾਸ ਹੋਇਆ।

*ਵੈਰੀਫਿਕੇਸ਼ਨ ਸੈੱਲ, ਪੰਜਾਬੀ ਯੂਨੀਵਰਸਿਟੀ,*
*ਪਟਿਆਲਾ (ਪੰਜਾਬ)*

ਬਾਲ ਕਾਵਿ-ਕਹਾਣੀ

# ਇਕ ਸੀ ਤੋਤਾ ਰੰਗਾਰਾਮ



**ਦੇਵ ਤਲਵੰਡੀ**

ਤੋਤਾ ਸੀ ਇਕ ਗੰਗਾਰਾਮ ।
ਹੈਰੀ ਘਰਦਿਆਂ ਰੱਖਿਆ ਨਾਮ ।

ਸਾਰਾ ਦਿਨ ਉਹ ਇੱਲਤਾਂ ਕਰਦਾ,
ਮਾਪਿਆਂ ਦੀ ਗੱਲ ਕੰਨ ਨਾ ਧਰਦਾ ।

ਸਾਰਿਆਂ ਨੂੰ ਦੁਖੀ ਕਰਕੇ ਰੱਖਦਾ,
ਕਰਕੇ ਨੁਕਸਾਨ ਖਿੜ-ਖਿੜ ਹੱਸਦਾ ।

ਲੋਕੀਂ ਘਰੇ ਸ਼ਿਕਾਇਤਾਂ ਲਾਉਂਦੇ,
ਮਾਪੇ ਉਹਨੂੰ ਬੜਾ ਸਮਝਾਉਂਦੇ ।

ਉਹ ਕਿਸੇ ਦੀ ਗੱਲ ਨਾ ਸੁਣਦਾ,
ਇੱਲਤਾਂ ਦਾ ਤਾਣਾ ਰਹਿੰਦਾ ਬੁਣਦਾ ।

ਇਕ ਦਿਨ ਉੱਡਿਆ 'ਭਾਗਮਭਾਗ',
ਪਹੁੰਚ ਗਿਆ ਅੰਬਾਂ ਦੇ ਬਾਗ਼ ।

ਉਸ ਨੂੰ ਨਵੀਂ ਸ਼ਰਾਰਤ ਸੁੱਝੀ,
ਕੀਤੀ ਬੜੀ ਸ਼ੈਤਾਨੀ ਗੁੱਝੀ ।

ਟੁੱਕ-ਟੁੱਕ ਅੰਬ ਖ਼ਰਾਬ ਸੀ ਕੀਤੇ,
ਦੇਖ ਜੱਟ ਨੇ ਦੰਦ ਕਰੀਚੇ,

ਜੱਟ ਨੇ ਬਥੇਰੇ ਰੋੜੇ ਸੀ ਮਾਰੇ,
ਹੈਰੀ ਹੱਸਦਾ ਕਿਲਕਾਰੀਆਂ ਮਾਰੇ ।

ਜੱਟ ਦਾ ਡਾਢਾ ਨੁਕਸਾਨ ਸੀ ਕਰਕੇ,
ਹੈਰੀ ਖ਼ੁਸ਼ ਹੋਇਆ ਜੀਅ ਭਰ ਕੇ ।

ਹਰ ਰੋਜ਼ ਹੁਣ ਬਾਗ਼ ਉਹ ਜਾਵੇ,
ਜੱਟ ਨੂੰ ਰੱਜ ਕੇ ਖੂਬ ਸਤਾਵੇ,

ਜੱਟ ਡਾਢਾ ਤੰਗ ਸੀ ਆਇਆ,
ਕਿਸੇ ਸਿਆਣੇ ਉਸ ਸਮਝਾਇਆ ।

ਫੜ ਲੈ ਇਸ ਨੂੰ ਲਾ ਕੇ ਜਾਲ,
ਸੂਤ ਆਉ ਇਹ ਸਕੀਮਾਂ ਨਾਲ ।

ਨਾਲ ਗੁੱਸੇ ਦੇ ਭਰਿਆ ਪੀਤਾ,
ਜੱਟ ਨੇ ਉਸੇ ਤਰ੍ਹਾਂ ਹੀ ਕੀਤਾ ।

ਲਕੋ ਕੇ ਉਸ ਨੇ ਜਾਲ ਸੀ ਲਾਇਆ,
ਰੋਜ਼ ਵਾਂਗ ਸੀ ਹੈਰੀ ਆਇਆ ।

ਜਾਲ ਨਾ ਲੱਗਿਆ ਹੈਰੀ ਤੱਕਿਆ,
ਅੰਬਾਂ ਨੂੰ ਟੁੱਕਦਾ ਖਿੜ-ਖਿੜ ਹੱਸਿਆ ।

ਅਗਲੇ ਰੁੱਖ 'ਤੇ ਜਦ ਪੈਰ ਸੀ ਰੱਖਿਆ,
ਪਤਾ ਲੱਗਾ ਜਦ ਜਾਲ 'ਚ ਫਸਿਆ ।

ਛੁੱਟਣ ਦੀ ਕੋਸ਼ਿਸ਼ ਕਰੀ ਬਥੇਰੀ,
ਪੇਸ਼ ਗਈ ਨਾ ਢਾਹ-ਤੀ ਢੇਰੀ ।

ਸੋਚਣ ਲੱਗਿਆ ਆਹ ਕੀ ਹੋਇਆ,
ਚੀਕਾਂ ਮਾਰੀਆਂ ਬੜਾ ਉਹ ਰੋਇਆ ।

ਪਰ ਆਖ਼ਰ ਹੁਣ ਕੀ ਹੋ ਸਕਦਾ ਸੀ,
ਉਹ ਤਾਂ ਬੱਸ ਇਕ ਰੋ ਸਕਦਾ ਸੀ ।

ਜੱਟ ਆਖਿਆ ਸੌਖਾ ਏਂ ਹੁਣ,
ਕਰ ਸ਼ਰਾਰਤਾਂ ਔਖਾ ਏਂ ਹੁਣ ।

ਫੜ ਹੈਰੀ ਪਿੰਜਰੇ ਵਿੱਚ ਪਾਇਆ,
ਖੋਹ ਆਜ਼ਾਦੀ ਕੈਦੀ ਬਣਾਇਆ ।

ਸਾਰਾ ਦਿਨ ਪਿੰਜਰੇ ਵਿੱਚ ਰਹਿੰਦਾ,
ਦਿਲ ਦਾ ਦੁਖੜਾ ਕਿਸ ਨੂੰ ਕਹਿੰਦਾ ।

ਮਾਂ-ਬਾਪ ਦਾ ਚੇਤਾ ਆਉਂਦਾ,
ਜਿਹੜਾ ਉਸ ਨੂੰ ਬਹੁਤ ਰੁਆਉਂਦਾ ।

ਹੁਣ ਹੈਰੀ ਬਹੁਤ ਪਛਤਾਵੇ,
ਪਹਿਲਾਂ ਵਾਂਗੂੰ ਉੱਡਣਾ ਚਾਹਵੇ ।

ਜਿਹੜਾ ਕਿਸੇ ਨੂੰ ਦੁਖੀ ਹੈ ਕਰਦਾ,
ਆਖ਼ਰ ਉਹ ਹਰਜਾਨੇ ਭਰਦਾ ।

ਨਾ ਮਾਪਿਆਂ ਦੀ ਮੰਨੇ ਉਹ ਪਛਤਾਵੇ,
'ਦੇਵ ਤਲਵੰਡੀ' ਇਹੋ ਸਮਝਾਵੇ ।

*ਨੇੜੇ ਬਿਜਲੀ ਘਰ, ਤਲਵੰਡੀ ਭਾਈ*
*ਫਿਰੋਜ਼ਪੁਰ-142050 (ਪੰਜਾਬ)*

# ਦੋ ਬਾਲ ਕਵਿਤਾਵਾਂ

**ਪ੍ਰੋ. ਸੁਲੱਖਣ ਮੀਤ**

## (i) ਸਾਗ

ਠੰਢਾ ਹੋਇਆ ਜਦ ਤੋਂ ਮੌਸਮ ।
ਮੇਰੀ ਮਾਂ ਫਿਰ ਕਰਦੀ ਉੱਦਮ ।
ਕਰ ਕੇ ਹਿੰਮਤ ਖੇਤ ਉਹ ਜਾਂਦੀ,
ਘਰ ਮੁੜਦੀ ਉਹ ਸਾਗ ਲਿਆਉਂਦੀ ।
ਸਾਗ 'ਚ ਹੁੰਦਾ ਬਾਥੂ ਛੋਲੇ,
ਕੁਝ ਹੁੰਦੇ ਪਾਲਕ ਦੇ ਪੱਤੇ ।
ਘਰ ਵਿੱਚ ਸਭ ਨੂੰ ਚਾਅ ਚੜ੍ਹ ਜਾਂਦਾ,
ਮੂੰਹਾਂ ਵਿੱਚ ਪਾਣੀ ਭਰ ਆਉਂਦਾ ।
ਚੁੱਲ੍ਹੇ ਵਿੱਚ ਮਾਂ ਛਿੱਟੀਆਂ ਲਾਵੇ,
ਬਲਦੀ ਅੱਗ ਪਾਣੀ ਗਰਮਾਵੇ ।
ਚੀਰੇ ਸਾਗ ਉਹ ਦਾਤੀ ਨਾਲ,
ਤੌੜੀ ਭਰ ਜੇ ਨਾਲ ਦੀ ਨਾਲ ।
ਸਾਗ ਜਾਂ ਤੌੜੀ ਦੇ ਵਿੱਚ ਰਿੱਝਦਾ,
ਆਪਣੀ ਖ਼ੁਸ਼ਬੂ ਪੂਰੀ ਛੱਡਦਾ ।
ਜਿਉਂ ਜਿਉਂ ਲਪਟਾਂ ਛੱਡਦਾ ਉਹ,
ਸਾਡੇ ਢਿੱਡ 'ਚ ਪੈਂਦੀ ਖੋਹ ।
ਸਾਗ ਬਣਨ 'ਤੇ ਜਦ ਵੀ ਆਵੇ,
ਉਸ ਵਿੱਚ ਬੇਬੇ ਆਲਣ ਪਾਵੇ ।
ਆਲਣ ਨੂੰ ਮਾਂ ਸੇਕ ਲੁਆਵੇ,
ਫਿਰ ਮਾਂ ਉਸ ਨੂੰ ਘੋਟਾ ਲਾਵੇ ।
ਜਦੋਂ ਬਣਾਏ ਬੇਬੇ ਸਾਗ,
ਹੋ ਜਾਵਾਂ ਮੈਂ ਬਾਗ਼ੋ-ਬਾਗ਼ ।
ਮੱਕੀ ਦੀ ਤਦ ਪੱਕਦੀ ਰੋਟੀ,
ਨਾ ਪਤਲੀ ਨਾ ਬਹੁਤੀ ਮੋਟੀ ।
ਰੋਟੀ ਖਾਈਏ ਮੱਕੀ ਦੀ ਜਦ,
ਹੋ ਜਾਂਦੇ ਹਾਂ ਸਾਰੇ ਗਦ-ਗਦ ।

—o—

## (ii) ਸਰਦੀ ਦੀ ਰੁੱਤ

*(ਦਲਿਤ ਚੇਤਨਾ)*

ਜਦ ਵੀ ਸਰਦੀ ਆਉਂਦੀ ਹੈ,
ਮੈਨੂੰ ਬੜਾ ਸਤਾਉਂਦੀ ਹੈ ।

ਠੰਢੀ 'ਵਾ ਜਦ ਚੱਲਦੀ ਹੈ,
ਮੇਰਾ ਪਿੰਡਾ ਵਿੰਨ੍ਹਦੀ ਹੈ ।

ਚਾਰ ਦੀਵਾਰੀ ਨਾ ਘਰ ਦੀ,
ਸਿੱਧੀ ਮਾਰ ਹਵਾ ਕਰਦੀ ।

ਭਾਵੇਂ ਧੁੱਪੇ ਬਹਿੰਦਾ ਹਾਂ,
ਫਿਰ ਵੀ ਠੰਢਾ ਰਹਿੰਦਾ ਹਾਂ ।

ਸਿਰ ਤੇ ਪਾਟੀ ਪਗੜੀ ਹੈ,
ਪੈਰੀਂ ਟੁੱਟੀ ਜੁੱਤੀ ਹੈ ।

ਜਦੋਂ ਸਕੂਲੇ ਪੁੱਜਦਾ ਹਾਂ,
ਠੁਰ ਠੁਰ ਕਰਦਾ ਰਹਿੰਦਾ ਹਾਂ ।

ਰਾਤੀਂ ਮਾਂ ਨਾ' ਸੌਂਦਾ ਹਾਂ,
ਓਸੇ ਤੋਂ ਨਿੱਘ ਲੈਂਦਾ ਹਾਂ ।

ਲੰਮੀ ਉਮਰਾ ਮਾਂ ਦੀ ਚਾਹਵਾਂ,
ਹਰਦਮ ਮਾਂ ਦੀ ਸੁਖ ਮਨਾਵਾਂ ।

ਮੇਰੀ ਖ਼ਾਤਰ ਨਿੱਘ ਹੈ ਮਾਂ,
ਮੇਰੀ ਖ਼ਾਤਰ ਮਾਂ ਹੈ ਛਾਂ ।

*1, ਦਸਮੇਸ਼ ਨਗਰ, ਸੰਗਰੂਰ*-148001
*(ਪੰਜਾਬ)*

## ਪੁਸਤਕ ਰੀਵਿਊ


# ਅਨਮੋਲ ਮੋਤੀ *(ਮਿੰਨੀ ਕਹਾਣੀ ਸੰਗ੍ਰਹਿ)*

ਪੁਸਤਕ : ਅਨਮੋਲ ਮੋਤੀ
ਲੇਖਿਕਾ : ਮਨਪ੍ਰੀਤ ਕੌਰ ਭਾਟੀਆ
ਪ੍ਰਕਾਸ਼ਕ : ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ
ਕੀਮਤ : 130 ਰੁਪਏ, ਪੰਨੇ - 95

ਪੁਸਤਕ 'ਅਨਮੋਲ ਮੋਤੀ' ਮਨਪ੍ਰੀਤ ਕੌਰ ਭਾਟੀਆ ਰਚਿਤ 72 ਮਿੰਨੀ ਕਹਾਣੀਆਂ ਦਾ ਸੰਗ੍ਰਹਿ ਹੈ। ਕਈ ਅਖ਼ਬਾਰਾਂ-ਮੈਗ਼ਜ਼ੀਨਾਂ 'ਚ ਉਸ ਦੀਆਂ ਅਜਿਹੀਆਂ ਰਚਨਾਵਾਂ ਭਾਵੇਂ ਚਿਰਕਾਲ ਤੋਂ ਛਪਦੀਆਂ ਆ ਰਹੀਆਂ ਹਨ ਪਰ ਕਿਤਾਬੀ ਰੂਪ 'ਚ ਇਹ ਪਲੇਠਾ ਯਤਨ ਹੈ, ਜੋ ਡਾ. ਕਰਮਜੀਤ ਸਿੰਘ ਨਡਾਲਾ ਦੀ ਯੋਗ ਅਗਵਾਈ ਸਦਕਾ ਸੰਭਵ ਹੋਇਆ ਹੈ। ਇਨ੍ਹਾਂ ਸਭਨਾਂ ਮਿੰਨੀ ਕਹਾਣੀਆਂ ਦੀ ਰਚਨਾਤਮ ਧਰਾਤਲ-ਭੂਮੀ ਸਾਡਾ ਦੇਸ਼, ਸਾਡਾ ਸਮਾਜ, ਸਾਡਾ ਪਰਿਵਾਰ ਅਤੇ ਸਾਡਾ ਆਪਣਾ ਵਿਭਿੰਨ ਪਰਤਾਂ ਵਾਲਾ ਜੀਵਨ-ਚਰਿੱਤਰ ਹੈ। ਮਨੁੱਖੀ ਉਸਾਰੂ-ਕਦਰ ਪ੍ਰਣਾਲੀ ਨੂੰ ਏਨਾ ਖੋਰਾ ਲੱਗ ਰਿਹਾ ਹੈ ਕਿ ਸਾਡੇ ਸਮਾਜ 'ਚ ਜਿਸ ਦੀ ਧੀ ਹੈ, ਕੇਵਲ ਉਸੇ ਦੀ ਹੀ ਹੈ। ਧੀ-ਨੂੰਹ 'ਚ ਵਿਤਕਰਾ ਕੀਤਾ ਜਾ ਰਿਹਾ ਹੈ। ਪੁੱਤ-ਧੀ 'ਚ ਵਿਤਕਰਾ ਕੀਤਾ ਜਾ ਰਿਹਾ ਹੈ। ਭਰਾ-ਭਰਾ ਦਾ, ਅੰਦਰੋਂ-ਅੰਦਰੀਂ ਵਿਰੋਧੀ ਹੈ। ਮਾਪੇ, ਜੋ ਅਨੇਕਾਂ ਕਸ਼ਟ ਸਹਾਰ ਕੇ, ਔਲਾਦ ਨੂੰ ਪਾਲਦੇ-ਪੋਸਦੇ ਹਨ ਅਤੇ ਕੁੱਲੀ, ਜੁੱਲੀ ਦੇ ਕੇ, ਗੁੱਲੀ ਦੇ ਯੋਗ ਬਣਾਉਂਦੇ ਹਨ; ਜਦੋਂ ਬੁਢਾਪੇ 'ਚ ਸਾਹ-ਸਤਹੀਣ ਲੱਗ ਪੈਂਦੇ ਹਨ ਤਾਂ ਓਪਰੇ-ਓਪਰੇ ਲੱਗਣ ਲੱਗ ਪੈਂਦੇ ਹਨ। ਅਜਿਹੇ ਅਨੇਕਾਂ ਸਰੋਕਾਰਾਂ, ਸਮੱਸਿਆਵਾਂ ਅਤੇ ਇਨ੍ਹਾਂ ਸਭਨਾਂ ਦੇ ਸਮਾਧਾਨ ਨੂੰ ਬੜੇ ਰੌਚਕ ਤਰੀਕੇ ਨਾਲ ਇਨ੍ਹਾਂ ਕਹਾਣੀਆਂ 'ਚ ਪ੍ਰਗਟ ਕੀਤਾ ਗਿਆ ਹੈ। 'ਉਡੀਕ', 'ਜ਼ਿੰਦਗੀ', 'ਖ਼ਰਚਾ', 'ਸਵਾਲ', 'ਕਮਾਈ', 'ਛੁਪਿਆ ਦਰਦ', 'ਦਿਖਾਵਾ', 'ਨਿਰਾਦਰੀ', 'ਤੋਬਾ', 'ਅਸਲੀ ਸੁਹੱਪਣ', 'ਰੀਤੀ ਰਿਵਾਜ', 'ਸਟੈਂਡਰਡ', 'ਹਕੀਕਤ', 'ਰਿਸ਼ਤਾ' ਆਦਿ ਰਚਨਾਵਾਂ ਮਨੁੱਖੀ-ਸੋਚ ਵਿਚਲੀ ਦੰਭੀ-ਬਿਰਤੀ ਨੂੰ ਵੀ ਉਜਾਗਰ ਕਰਦੀਆਂ ਹਨ ਅਤੇ ਮਾਨਵੀ-ਪ੍ਰੇਮ ਭਾਵਨਾ ਦਾ ਪ੍ਰਗਟਾਵਾ ਕਰਦੀਆਂ ਹੋਈਆਂ ਗੁੰਮਰਾਹ ਹੋਣ ਤੋਂ ਬਚਣ, ਭੁੱਲਾਂ ਤੋਂ ਛੁਟਕਾਰਾ ਪਾਣ, ਦਿਖਾਵੇ ਤੋਂ ਰਹਿਤ ਰਹਿਣ, ਫ਼ੈਸ਼ਨ ਤੇ ਨਸ਼ਿਆਂ ਤੋਂ ਮੁਕਤ ਹੋਣ, ਰਿਸ਼ਤਿਆਂ ਦੀ ਪਛਾਣ ਕਰਕੇ ਹੈਵਾਨੀਅਤ ਦਾ ਨਾਸ ਕਰਨ, ਮਿਲਵਰਤਨ 'ਚੋਂ ਸਕੂਨ ਤੇ ਖੇੜਾ ਪ੍ਰਾਪਤ ਕਰਕੇ ਸੰਤੁਸ਼ਟੀ ਭਰਿਆ ਜੀਵਨ ਬਸਰ ਕਰਨ ਜਿਹੀਆਂ ਸਿੱਖਿਆਵਾਂ ਦੇਂਦੀਆਂ ਹਨ। ਇਸੇ ਤਰ੍ਹਾਂ 'ਏਕਤਾ' 'ਸਵਾਰਥ', 'ਮਖੌਟੇ', 'ਲਾਲਸਾ', 'ਇਨਸਾਨੀਅਤ', 'ਆਪਣਾ ਖ਼ੂਨ', 'ਸਤਿਕਾਰ' ਅਤੇ 'ਸ਼ਹੀਦ' ਮਿੰਨੀ ਕਹਾਣੀਆਂ ਇਖ਼ਲਾਕੀ ਸੁਰ ਨੂੰ ਉਭਾਰਦੀਆਂ ਹੋਈਆਂ ਮਾਨਵ ਦੇ ਕਲਿਆਣ ਵਾਸਤੇ ਸਿਰਜੀਆਂ ਗਈਆਂ ਪ੍ਰਤੀਤ ਹੋਈਆਂ ਹਨ।

ਇਸ ਸੰਗ੍ਰਹਿ ਵਿੱਚ ਅੰਕਿਤ ਸਭਨਾਂ ਕਹਾਣੀਆਂ ਦੀ ਸਾਂਝੀ ਵਿਸ਼ੇਸ਼ਤਾ ਕਹਾਣੀ-ਰਸ, ਸਰਲਤਾ, ਸੰਖੇਪਤਾ ਅਤੇ ਵਿਅੰਗ ਦੀ ਸਹਿਜ ਪੇਸ਼ਕਾਰੀ ਵਿੱਚੋਂ ਪ੍ਰਗਟ ਹੁੰਦੀ ਹੈ। ਇਹ ਸਾਰੇ ਗੁਣ ਇਸ ਪੁਸਤਕ ਦੀ ਲੇਖਿਕਾ ਦੀ ਕਲਾਤਮਕ ਸ਼ੈਲੀ ਦੀ ਸਮਰੱਥਾ ਅਤੇ ਵਿਸ਼ੇ ਪਾਸਾਰਾਂ ਨੂੰ ਵੀ ਪ੍ਰਗਟ ਕਰਦੇ ਹਨ। ਪੁਸਤਕ ਹਰ ਵਰਗ ਦੇ ਪਾਠਕ ਲਈ ਪੜ੍ਹਨਯੋਗ ਹੈ। ਸ਼ਾਲਾ! ਇਹੋ ਜਿਹੀ ਨਿਰੋਲ ਸਵੱਛਤਾ ਅਤੇ ਸਮਾਜੀ-ਦਰਪਣ ਨੂੰ ਪੇਸ਼ ਕਰਨ ਵਾਲੀਆਂ ਰਚਨਾਵਾਂ ਪਾਠਕਾਂ ਨੂੰ ਮਿਲਦੀਆਂ ਰਹਿਣ।

**– ਡਾ. ਜਗੀਰ ਸਿੰਘ ਨੂਰ**
*ਏ-9/2, ਚਾਹਲ ਨਗਰ, ਫਗਵਾੜਾ-144401 (ਪੰਜਾਬ)*



# ਪਰੀਸ਼ਦ ਗਤੀਵਿਧੀਆਂ






14 ਨਵੰਬਰ, 2013 ਨੂੰ ਇੰਡੀਆ ਗੇਟ ਸਥਿਤ ਚਿਲਡਰਨ ਪਾਰਕ ਵਿੱਚ ਪਰੀਸ਼ਦ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ ਲਾਇਬ੍ਰੇਰੀ ਦਾ ਉਦਘਾਟਨ ਕੀਤਾ। ਇਸ ਅਵਸਰ ਤੇ ਨਿਦੇਸ਼ਕ (ਸਿੱਖਿਆ) ਸ੍ਰੀਮਤੀ ਵਿਦੁਸ਼ੀ ਚਤੁਰਵੇਦੀ, ਸਿੱਖਿਆ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਪਰੀਸ਼ਦ ਸਕੂਲਾਂ ਦੇ ਵਿਦਿਆਰਥੀ ਅਤੇ ਅਧਿਆਪਕ ਵੀ ਮੌਜੂਦ ਸਨ।

19 ਨਵੰਬਰ, 2013 ਨੂੰ ਇੰਡੀਆ ਗੇਟ ਸਥਿਤ ਚਿਲਡਰਨ ਪਾਰਕ ਵਿੱਚ ਸਿੱਖਿਆ ਵਿਭਾਗ ਵੱਲੋਂ ਉਰਦੂ ਦਿਵਸ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਨਿਦੇਸ਼ਕ (ਸਿੱਖਿਆ) ਸ੍ਰੀਮਤੀ ਵਿਦੁਸ਼ੀ ਚਤੁਰਵੇਦੀ, ਨੋਡਲ ਅਧਿਕਾਰੀ (ਉਰਦੂ) ਸ੍ਰੀਮਤੀ ਅਨੀਸ ਫਾਤਿਮਾ ਦੇ ਇਲਾਵਾ ਪਰੀਸ਼ਦ ਸਕੂਲਾਂ ਦੇ ਵਿਦਿਆਰਥੀ ਅਤੇ ਅਧਿਆਪਕ ਵੀ ਮੌਜੂਦ ਸਨ। ਸਮਾਰੋਹ ਵਿੱਚ ਬੱਚਿਆਂ ਵੱਲੋਂ ਪ੍ਰਸਿੱਧ ਸ਼ਾਇਰ ਇਕਬਾਲ ਦੀ ਉਰਦੂ ਸ਼ਾਇਰੀ (ਨਜ਼ਮਾਂ ਅਤੇ ਗ਼ਜ਼ਲਾਂ) ਪੇਸ਼ ਕੀਤੀਆਂ ਗਈਆਂ।






ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਵਿੱਚ 28 ਅਕਤੂਬਰ ਤੋਂ 2 ਨਵੰਬਰ 2013 ਤੱਕ ਸਤਰਕਤਾ ਜਾਗਰੂਕਤਾ ਹਫ਼ਤਾ ਮਨਾਇਆ ਗਿਆ। ਇਸ ਸਤਰਕਤਾ ਜਾਗਰੂਕਤਾ ਹਫ਼ਤੇ ਦੀ ਸ਼ੁਰੂਆਤ 28 ਅਕਤੂਬਰ ਨੂੰ ਪਰੀਸ਼ਦ ਪ੍ਰਧਾਨ ਵੱਲੋਂ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਦੇ ਖ਼ਿਲਾਫ਼ ਲੜਨ ਅਤੇ ਪਾਲਿਕਾ ਸੇਵਾਵਾਂ ਵਿੱਚ ਪਾਰਦਰਸ਼ਿਤਾ ਲਿਆਉਣ ਦੀ ਸੌਂਹ ਚੁੱਕ ਕੇ ਕੀਤੀ। ਇਸ ਹਫ਼ਤੇ ਦੇ ਦੌਰਾਨ ਪਰੀਸ਼ਦ ਸਕੂਲਾਂ ਵਿੱਚ ਨਿਬੰਧ ਅਤੇ ਵਾਦ-ਵਿਵਾਦ ਪ੍ਰਤਿਯੋਗਤਾਵਾਂ ਦਾ ਵੀ ਆਯੋਜਨ ਕੀਤਾ ਗਿਆ।

# ਪਰੀਸ਼ਦ ਗਤੀਵਿਧੀਆਂ






ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਦੇ ਪ੍ਰਧਾਨ ਸ੍ਰੀ ਜਲਜ ਸ੍ਰੀਵਾਸਤਵ ਨੇ 15 ਦਸੰਬਰ, 2013 ਨੂੰ "ਸੀ. ਪੀ. ਆਰ. 10 ਉਤਸਵ" ਦਾ ਉਦਘਾਟਨ ਤਾਲਕਟੋਰਾ ਇੰਡੋਰ ਸਟੇਡੀਅਮ ਵਿੱਚ ਕੀਤਾ। ਇਹ ਪ੍ਰੋਗਰਾਮ ਨਵੀਂ ਦਿੱਲੀ ਨਗਰ ਪਾਲਿਕਾ ਪਰੀਸ਼ਦ ਅਤੇ ਹਾਰਟ ਕੇਅਰ ਫ਼ਾਊਂਡੇਸ਼ਨ ਨੇ ਰਲ ਕੇ ਆਯੋਜਿਤ ਕੀਤਾ ਸੀ। ਡਾ. ਕੇ. ਕੇ. ਅਗਰਵਾਲ ਅਤੇ ਡਾ. ਪੀ. ਕੇ. ਸ਼ਰਮਾ ਨੇ ਇਸ ਤਕਨੀਕ ਦੇ ਬਾਰੇ ਵਿੱਚ ਜਾਣਕਾਰੀ ਦਿੱਤੀ। ਅਗਰ ਹਾਰਟ ਅਟੈਕ ਦੇ 10 ਮਿਨਟ ਦੇ ਅੰਦਰ ਸੀ. ਪੀ. ਆਰ. 10 ਤਕਨੀਕ ਦਾ ਪ੍ਰਯੋਗ ਕੀਤਾ ਜਾਵੇ ਤਾਂ ਰੋਗੀ ਨੂੰ ਬਚਾਇਆ ਜਾ ਸਕਦਾ ਹੈ। ਇਸ ਮੌਕੇ ਤੇ ਭਾਰੀ ਗਿਣਤੀ ਵਿੱਚ ਸਕੂਲੀ ਬੱਚਿਆਂ, ਸੀਨੀਅਰ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਸ ਤਕਨੀਕ ਦੀ ਟ੍ਰੇਨਿੰਗ ਦਿੱਤੀ ਗਈ।